4. ਵਿਦਿਆਰਥੀਆਂ ਦੀ ਇਹ ਆਪਣੀ ਜ਼ਿੰਮੇਵਾਰੀ ਹੈ ਕਿ ਆਪਣੇ ਰੱਖੇ ਗਏ ਵਿਸ਼ੇ ਦੇ ਮੁਖੀ ਪ੍ਰੋਫੈਸਰ ਸਾਹਿਬਾਨ ਤੋਂ ਆਪਣੇ ਸੈਕਸ਼ਨ ਸਬੰਧੀ ਪਤਾ ਕਰੇ ਆਪਣੀ ਮਰਜ਼ੀ ਨਾਲ ਲਗਾਈਆਂ ਗਈਆਂ ਕਲਾਸਾਂ ਦੇ ਲੈਕਚਰ ਨਹੀਂ ਗਿਣੇ ਜਾਣਗੇ।



Scanned with CamScanner

## ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ( HEIS) ਅਧੀਨ ਚਲਾਏ ਜਾ ਰਹੇ ਕੋਰਸਾਂ ਸਬੰਧੀ ਵੇਰਵਾ :

ਕਾਲਜ ਵਿਖੇ ਸੋਸਾਇਟੀ ਰਜਿਸਟਰੇਸ਼ਨ ਐਕਟ XXI (18.60) ਦੇ ਅਨਸੁਾਰ HEIS ਦਾ ਗਠਨ ਕੀਤਾ ਗਿਆ । ਇਸ ਦਾ ਮੁਖ ਉਦੇਸ਼ ਵਿਦਿਆਰਥੀਆਂ ਨੂੰ ਕੰਪਿਊਟਰ ਨਾਲ ਸਬੰਧਤ ਅਤੇ ਇਨਫਰਮੇਸ਼ਨ ਟੈਕਨਾਲੋਜੀ ਨਾਲ ਸਬੰਧਤ ਕੋਰਸਾਂ ਲਈ ਬੁਨਿਆਦਾ ਢਾਂਚਾ ਉਪਲਬਧ ਕਰਵਾਉਣਾ ਹੈ। ਕਾਲਜ ਵਿਖੇ ਚਲ ਰਹੇ ਕੋਰਸਾਂ ਲਈ ਸਾਰਾ ਵਿੱਤੀ ਪ੍ਰਬੰਧ ਸੁਸਾਇਟੀ ਵੱਲੋਂ ਕੀਤਾ ਜਾਂਦਾ ਹੈ। ਸਵੈ-ਵਿੱਤੀ ਸਕੀਮ ਅਧੀਨ ਸ਼ੈਸ਼ਨ 2008-09 ਤੋਂ ਬੀ.ਸੀ.ਏ. ਅਤੇ ਪੀ.ਜੀ.ਡੀ.ਸੀ.ਏ ਦੇ ਕੋਰਸ ਚਾਲੂ ਕੀਤੇ ਗਏ ਸਨ ਵਿਭਾਗ ਵਿੱਚ ਮਾਸਟਰ ਆਫ ਇਨਫਰਮੇਸ਼ਨ ਟੈਕਨਾਲੋਜੀ ਅਤੇ ਬੀ. ਕਾਮ ਦੇ ਕੋਰਸ ਵੀ ਚਲ ਰਹੇ ਹਨ ।

### ਦਾਖਲੇ ਲਈ ਯੋਗਤਾ :

ਬੀ.ਸੀ.ਏ. ਭਾਗ । ਵਿੱਚ ਉਹ ਵਿਦਿਆਰਥੀ ਦਾਖਲਾ ਲੈ ਸਕਦੇ ਹਨ ਜਿਨ੍ਹਾਂ ਨੇ ਬਾਰਵੀਂ (+2) ਦੀ ਪ੍ਰੀਖਿਆ ਕਿਸੇ ਵੀ ਵਿਸ਼ੇ ਵਿੱਚ ਪਾਸ ਕੀਤੀ ਹੋਵੇ।
ਪੀ.ਜੀ.ਡੀ.ਸੀ.ਏ. ਕਲਾਸ ਵਿੱਚ ਉਹ ਵਿਦਿਆਰਥੀ ਦਾਖਲਾ ਲੈ ਸਕਦੇ ਹਨ ਜਿਨ੍ਹਾਂ ਨੇ ਕਿਸੇ ਵੀ ਵਿਸ਼ੇ ਨਾਲ ਗ੍ਰੈਜੂਏਸ਼ਨ ਕੀਤੀ ਹੋਵੇ।

**ਲੜਕੀਆਂ ਦੇ ਲਈ:** ਬੀ.ਸੀ.ਏ. ਭਾਗ ਪਹਿਲਾ, ਦੂਜਾ, ਤੀਜਾ, ਪੀ.ਜੀ.ਡੀ.ਸੀ.ਏ ਅਤੇ ਐਮ.ਐਸ. ਆਈ ਟੀ. ਦੀ ਫੀਸ

| | ਬੀ.ਸੀ.ਏ.-। | ਪੀ.ਜੀ.ਡੀ.ਸੀ.ਏ. | ਐਮ.ਐਸ.ਆਈ.ਟੀ - 1 | ਐਮ.ਐਸ.ਆਈ.ਟੀ (ਰੈਗੂਲਰ ਤੇ ਲੇਟਰਲ) |
|---|---|---|---|---|
| ਸਕਿਊਰਟੀ | 200/- | 200/- | 200/- | 200/- |
| ਆਈ. ਡੀ ਕਾਰਡ | 10/- | 10/- | 10/- | 10/- |
| ਅਨਏਡਿਡ ਫੰਡ ਏ. | 6560/- | 3943/- | 7149/- | 7149/- |
| ਐਫ | 5000/- | 5000/- | 5000/- | 5000/- |
| ਹਾਉਸ ਪ੍ਰੀਖਿਆ ਫੰਡ | 20/- | 20/- | 20/- | 20/- |
| ਜਨਰੇਟਰ ਫੰਡ | 200/- | 200/- | 200/- | 200/- |
| ਟਿਊਸ਼ਨ ਫੀਸ | 938/- | 690/- | 1670/- | 1670/- |
| ਯੂਨੀ ਪ੍ਰੀਖਿਆ ਫੀਸ | 3200/- | 4740/- | 3200/- | 6400/- |
| ਯੂਨੀ ਪ੍ਰੈਕਟੀ. ਫੀਸ | 1220/- | 1220/- | 1220/- | 2440/- |
| ਯੂਨੀ. ਪ੍ਰੀਖਿਆ ਫੀਸ | 240/- | 240/- | 240/- | 480/- |
| ਕੰਪਿਊਟਰ ਫੰਡ | 4000/- | 4415/- | 7200/- | 7200/- |
| ਯੂਨੀ. ਰੀਟਰਨ ਫੀਸ | 3940/- | 3990/- | 3990/- | 3990/- |
| ਕੁਲ ਜੋੜ | 25528/- | 24668/- | 30099/- | 34759/- |

**ਲੜਕਿਆਂ ਦੇ ਲਈ :** ਬੀ.ਸੀ.ਏ. ਭਾਗ ਪਹਿਲਾ ਪੀ.ਜੀ.ਡੀ.ਸੀ.ਏ ਅਤੇ ਐਮ.ਐਸ.ਆਈ ਟੀ ਦੀ ਫੀਸ

| | ਬੀ.ਸੀ.ਏ.-। | ਪੀ.ਜੀ.ਡੀ.ਸੀ.ਏ. | ਐਮ.ਐਸ.ਆਈ.ਟੀ - 1 | ਐਮ.ਐਸ.ਆਈ.ਟੀ (ਰੈਗੂਲਰ ਤੇ ਲੇਟਰਲ) |
|---|---|---|---|---|
| ਸਕਿਊਰਟੀ | 200/- | 200/- | 200/- | 200/- |
| ਆਈ. ਡੀ ਕਾਰਡ | 10/- | 10/- | 10/- | 10/- |
| ਅਨਏਡਿਡ ਫੰਡ ਏ. | 6560/- | 3943/- | 7149/- | 7149/- |
| ਐਫ | 5000/- | 5000/- | 5000/- | 5000/- |
| ਹਾਉਸ ਪ੍ਰੀਖਿਆ ਫੰਡ | 20/- | 20/- | 20/- | 20/- |
| ਜਨਰੇਟਰ ਫੰਡ | 200/- | 200/- | 200/- | 200/- |
| ਟਿਊਸ਼ਨ ਫੀਸ | 1313/- | 966/- | 2070/- | 2070/- |
| ਯੂਨੀ ਪ੍ਰੀਖਿਆ ਫੀਸ | 3200/- | 4740/- | 3200/- | 6400/- |
| ਯੂਨੀ ਪ੍ਰੈਕਟੀ. ਫੀਸ | 1220/- | 1220/- | 1220/- | 2440/- |
| ਯੂਨੀ. ਪ੍ਰੀਖਿਆ ਫੀਸ | 240/- | 240/- | 240/- | 480/- |
| ਕੰਪਿਊਟਰ ਫੰਡ | 4000/- | 4415/- | 7200/- | 7200/- |
| ਯੂਨੀ. ਰੀਟਰਨ ਫੀਸ | 3940/- | 3990/- | 3990/- | 3990/- |
| ਕੁਲ ਜੋੜ | 25903/- | 24944/- | 30499/- | 35159/- |

ਨੋਟ : 1) ਉਪਰੋਕਤ ਫੀਸਾਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ /ਪੰਜਾਬ ਸਰਕਾਰ ਵੱਲੋਂ ਕੀਤੀ ਗਈ ਤਬਦੀਲੀ ਤੁਰੰਤ ਲਾਗੂ ਹੋਵੇਗੀ ਅਤੇ ਵਿਦਿਆਰਥੀ ਤਬਦੀਲ ਹੋਈਆਂ ਫੀਸਾਂ ਦੇਣ ਦੇ ਪਾਬੰਦ ਹੋਣਗੇ। ਇਹਨਾਂ ਕੋਰਸਾਂ ਲਈ ਪੁਰਾਣੇ ਵਿਦਿਆਰਥੀਆਂ ਤੋਂ ਫੀਸਾਂ ਵਿਚ ਕੁਝ ਛੋਟ ਹੋਵੇਗੀ । ਯੂਨੀਵਰਸਿਟੀ ਪ੍ਰੀਖਿਆ ਫੀਸ ਸਾਰੀਆਂ ਕਲਾਸਾਂ ਲਈ ਉਪਰੋਕਤ ਫੀਸਾਂ ਤੋਂ ਵੱਖਰੀ ਲਈ ਜਾਵੇਗੀ।
2) ਉਪਰੋਕਤ ਕੋਰਸਾਂ ਸਬੰਧੀ ਨਿਯਮਾਂ, ਸਿਲੇਬਸ, ਦਾਖਲਿਆਂ ਦੀਆਂ ਸ਼ਰਤਾਂ, ਫੀਸਾਂ ਤੇ ਫੰਡਾਂ ਤੋਂ ਇਲਾਵਾ ਹੋਰ ਮੁਕੰਮਲ ਜਾਣਕਾਰੀ ਵਿਭਾਗ ਦੇ ਦਫਤਰ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ।



Scanned with CamScanner

# ਵਿਦਿਆਰਥੀਆਂ ਲਈ ਜਰੂਰੀ ਨਿਯਮ/ਦਿਸ਼ਾ ਨਿਰਦੇਸ਼

## 1. ਫੀਸ ਮੁਆਫੀ :

ਫੀਸ ਮੁਆਫੀ ਲਈ ਅਪਣੀ ਅਰਜੀ ਅਤੇ ਹੋਰ ਲੋੜੀਦੇ ਸਰਟੀਫਿਕੇਟ ਨਿਸ਼ਚਿਤ ਫਾਰਮ ਉਤੇ, ਜੋ ਫੀਸ ਕਲਰਕ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਦੇਣੀ ਚਾਹੀਦੀ ਹੈ। ਫਾਰਮ ਉਪਰ ਪਿਤਾ/ਸਰਪ੍ਰਸਤ ਦੇ ਹਸਤਾਖਰ ਹੋਣੇ ਜਰੂਰੀ ਹੈ। ਫੀਸ ਮੁਆਫੀ ਲਈ ਘੱਟ ਆਮਦਨ ਦਾ ਮੌਜੂਦਾ ਸਮੇਂ ਦਾ ਸਰਟੀਫਿਕੇਟ, ਜਾਤੀ ਸਰਟੀਫਿਕੇ, ਬੇਨਤੀ ਪੱਤਰ ਦੇ ਨਾਲ ਨੱਥੀ ਕਰਕੇ ਫੀਸ ਮੁਆਫੀ ਕਮੇਟੀ ਕੋਲ ਜਾ ਕੇ ਤਬਦੀਲ ਕਰਵਾਇਆ ਜਾਵੇ ।

## 2. ਵਿਸ਼ੇ ਬਦਲਣਾ :

ਵਿਸ਼ਿਆਂ ਦੀ ਤਬਦੀਲੀ ਦਾਖਲੇ ਉਪਰੰਤ ਚਾਰ ਹਫਤਿਆਂ ਦੇ ਅੰਦਰ -ਅੰਦਰ ਹੀ ਕੀਤੀ ਜਾਵੇਗੀ । ਇਸ ਮੰਤਵ ਲਈ ਅਰਜੀ ਨਿਸ਼ਚਿਤ ਫਾਰਮ ਅਤੇ ਸੰਬੰਧਿਤ ਵਿਭਾਗ ਦੇ ਮੁਖੀ ਦੀ ਸਿਫਾਰਸ਼ ਕਰਵਾਉਣ ਉਪਰੰਤ ਯੂਨੀਵਰਸਿਟੀ ਕਲਰਕ ਨੂੰ ਦਫਤਰ ਵਿਚ ਦੇਣੀ ਹੋਵੇਗੀ ਅਤੇ ਇਹ ਤਬਦੀਲੀ ਸਬੰਧਿਤ ਕਮੇਟੀ ਦੀ ਪ੍ਰਵਾਨਗੀ ਉਪਰੰਤ ਹੀ ਲਾਗੂ ਹੋਵੇਗੀ । ਵਿਸ਼ੇ ਬਦਲਣ ਵਾਲੇ ਵਿਦਿਆਰਥੀ ਪ੍ਰਿੰਸੀਪਲ ਸਾਹਿਬ ਵੱਲੋਂ ਨੋਟਿਸ ਲਗਾਏ ਜਾਣ ਤੋਂ ਬਾਅਦ ਹੀ ਨਵੇਂ/ਦੂਸਰੇ ਵਿਸ਼ਿਆਂ ਦੀਆਂ ਕਲਾਸਾਂ ਲਗਾਉਣਗੇ। ਇਸ ਮਿਤੀ ਤੋਂ ਪਹਿਲਾਂ ਸੰਬੰਧਿਤ ਅਧਿਆਪਕ ਦੀ ਸਿਫਾਰਸ਼ ਕਰਾਉਣ ਤੋਂ ਬਿਨ੍ਹਾਂ ਹੀ ਨਵੇਂ ਵਿਸ਼ਿਆਂ ਦੀਆਂ ਕਲਾਸਾਂ ਆਪਣੇ ਆਪ ਲਾਉਣ ਨਾਲ ਵਿਦਿਆਰਥੀ ਦੀਆਂ ਹਾਜਰੀਆਂ ਘੱਟ ਸਕਦੀਆਂ ਹਨ ਅਤੇ ਇਸ ਤਰ੍ਹਾਂ ਪੈਦਾ ਹੋਣ ਵਾਲੀ ਸਥਿਤੀ ਲਈ ਉਹ ਆਪ ਜਿੰਮੇਵਾਰ ਹੋਣਗੇ ।

## 3. ਕਾਲਜ ਛੱਡਣ ਸਬੰਧੀ ਨਿਯਮ :

ਜੋ ਵਿਦਿਆਰਥੀ ਕਾਲਜ ਛੱਡਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਪਣੀ ਹੱਥ ਲਿਖਤ ਵਿੱਚ ਬਿਨੈ ਪੱਤਰ ਦੇਣਾ ਹੋਵੇਗਾ ।ਅਜਿਹੇ ਬਿਨੈ ਪੱਤਰਾਂ ਉਤੇ ਮਾਪਿਆਂ/ਸਰਪ੍ਰਸਤਾਂ ਦੀ ਆਗਿਆ ਜਰੂਰੀ ਹੋਵੇਗੀ , ਜਦੋਂ ਤੱਕ ਬਿਨੈ ਪੱਤਰ ਦੇ ਕੇ ਨਾਂ ਨਹੀਂ ਕਟਵਾਇਆ ਜਾਂਦਾ ਉਦੋਂ ਤੱਕ ਬਣਦੀਆਂ ਸਾਰੀਆਂ ਫੀਸਾਂ, ਫੰਡ ਅਤੇ ਜੁਰਮਾਨੇ ਲਏ ਜਾਣਗੇ

## 4. ਛੁੱਟੀਆਂ ਸਬੰਧੀ ਨਿਯਮ

1. ਕਾਲਜ ਤੋਂ 6 ਦਿਨ ਤੱਕ ਦੀ ਛੁੱਟੀ ਦੀ ਅਰਜੀ ਸਬੰਧਿਤ ਟਿਊਟਰ ਨੂੰ ਪੇਸ਼ ਕੀਤੀ ਜਾਣੀ ਚਾਹੀਦੀ ਹੈ।
2. 15 ਦਿਨਾਂ ਤੱਕ ਸੀਨੀਅਰ ਟਿਊਟਰ ਅਤੇ ਇਸ ਤੋਂ ਵੱਧ ਪ੍ਰਿੰਸੀਪਲ ਮੰਨਜੂਰ ਕਰੇਗਾ ।ਟਿਊਟਰ ਰਾਹੀਂ ਅਰਜੀ ਚੀਫ ਟਿਊਟਰ ਨੂੰ ਪੇਸ਼ ਕੀਤੀ ਜਾਵੇ ।
3. ਛੁੱਟੀ ਲੈਣ ਦਾ ਮਤਲਬ ਕੇਵਲ ਇੰਨਾ ਹੀ ਹੈ ਕਿ ਉਸ ਨੂੰ ਗੈਰ ਹਾਜ਼ਰੀ ਦਾ ਜੁਰਮਾਨਾ ਨਹੀਂ ਹੋਵੇਗਾ।ਛੁੱਟੀ ਦਾ ਸਬੰਧ ਲੈਕਚਰਾਂ ਵਿੱਚ ਲੋੜੀਦੀ ਹਾਜ਼ਰੀ ਘੱਟੋ ਘੱਟ ਹਾਜਰੀ ਨਾਲ ਨਹੀਂ ਹੈ।
4. ਕਾਲਜ ਨਾਲ ਸਬੰਧਿਤ ਕਿਸੇ ਗਤੀਵਿਧੀ ਵਿੱਚ ਭਾਗ ਲੈਣ ਵਾਸਤੇ ਭੇਜੇ ਗਏ ਵਿਦਿਆਰਥੀ ਉਸ ਸਰਗਰਮੀ/ਖੇਡਾਂ ਦੇ ਇੰਚਾਰਜ ਪ੍ਰੋਫੈਸਰ ਦੀ ਸਿਫਾਰਸ਼ ਕਰਵਾ ਕੇ ਆਪਣੀ ਛੁੱਟੀ ਦੀ ਅਰਜੀ ਮਨਜੂਰ ਕਰਵਾਉਣ ਲਈ ਦਫਤਰ ਵਿੱਚ ਦੇਣ।ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਛੁੱਟੀ ਦੇ ਬਿਨੈ ਪੱਤਰ ਦਾ ਬਾਕੀ ਹਿੱਸਾ ਆਪਣੇ ਪਾਸ ਰੱਖਣ। ਇਸ ਫਾਰਮ ਤੋਂ ਬਿਨਾਂ ਹਾਜ਼ਰੀਆਂ ਦੀ ਘਾਟ ਪੂਰੀ ਨਹੀਂ ਕੀਤੀ ਜਾਵੇਗੀ ਹਾਜ਼ਰੀਆਂ ਦੀ ਸਹੂਲਤ ਕੇਵਲ ਕਾਲਜ ਵੱਲੋਂ ਭੇਜੇ ਗਏ ਅਧਿਕਾਰਤ ਵਿਦਿਆਰਥੀਆਂ ਨੂੰ ਹੀ ਦਿੱਤੀ ਜਾਵੇਗੀ
5. ਘਰੇਲੂ ਪ੍ਰੀਖਿਆ ਤੋਂ ਗੈਰ ਹਾਜ਼ਰੀ ਲਈ ਪ੍ਰਿੰਸੀਪਲ ਸਾਹਿਬ ਕੋਲੋਂ ਲਿਖਤੀ ਰੂਪ ਵਿੱਚ ਪਹਿਲਾਂ ਇਜਾਜਤ ਲੈਣੀ ਜਰੂਰੀ ਹੈ।

## 5. ਕਾਲਜ ਤੋਂ ਗੈਰ ਹਾਜ਼ਰੀ :

ਜੇਕਰ ਕੋਈ ਵਿਦਿਆਰਥੀ ਛੁੱਟੀ ਮਨਜ਼ੂਰ ਕਰਵਾਏ ਬਿਨਾਂ ਕਿਸੇ ਵੀ ਵਿਸ਼ੇ ਵਿਚ ਲਗਾਤਾਰ ਦਸ ਦਿਨ ਜਾਂ ਲਗਾਤਾਰ ਤਿੰਨ ਟਿਊਟੋਰੀਅਲ ਗਰੁੱਪਾਂ ਵਿਚ ਗੈਰ ਹਾਜ਼ਰ ਰਹਿੰਦਾ ਹੈ ਤਾਂ ਉਸ ਦਾ ਨਾਮ ਕਾਲਜ ਵਿਚੋਂ ਕੱਟ ਦਿੱਤਾ ਜਾਵੇਗਾ । ਅਜਿਹੇ ਵਿਦਿਆਰਥੀ ਪ੍ਰਿੰਸੀਪਲ ਦੀ ਆਗਿਆ ਨਾਲ ਦਾਖਲੇ ਦੀ ਫੀਸ ਦੇ ਕੇ 15 ਦਿਨਾਂ ਦੇ ਅੰਦਰ -ਅੰਦਰ ਦੁਬਾਰਾ ਦਾਖਲ ਹੋ ਸਕਦੇ ਹਨ । ਪ੍ਰੰਤੂ ਅਜਿਹੇ ਵਿਦਿਆਰਥੀ ਨੂੰ ਉਸ ਸਮੇਂ ਜਿਸ ਦੌਰਾਨ ਉਸ ਦਾ ਨਾਮ ਕੱਟਿਆ ਹੋਇਆ ਸੀ ਦੀਆ ਹਾਜ਼ਰੀਆਂ ਨਹੀਂ ਮਿਲਣਗੀਆਂ ।

## 6. ਘਰੇਲੂ ਪ੍ਰੀਖਿਆਵਾਂ:

ਘਰੇਲੂ ਪ੍ਰੀਖਿਆ ਹਰ ਵਿਦਿਆਰਥੀ ਲਈ ਜਰੂਰੀ ਹੈ, ਜਿਸ ਵਿੱਚ ਹਰ ਵਿਦਿਆਰਥੀ ਨੇ ਹਰੇਕ ਵਿਸ਼ੇ ਵਿਚੋਂ 25% ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਹੁੰਦੇ ਹਨ । ਇਹ ਘਰੇਲੂ ਪ੍ਰੀਖਿਆ ਆਮ ਤੌਰ ਤੇ ਅਕਤੂਬਰ ਅਤੇ ਮਾਰਚ ਦੇ ਪਹਿਲੇ ਹਫਤੇ ਕਾਰਵਾਈ ਜਾਂਦੀ ਹੈ। ਜਿਹੜੇ ਵਿਦਿਆਰਥੀ ਕਿਸੇ ਬਿਮਾਰੀ ਜਾਂ ਹੋਰ ਬੇਰੋਕ ਕਾਰਨਾਂ ਕਰਕੇ ਪ੍ਰੀਖਿਆ ਨਾ ਦੇ ਸਕਣ ਜਾਂ ਉਹ ਵਿਦਿਆਰਥੀ ਜੋ ਨਿਰਧਾਰਤ ਸ਼ਰਤਾਂ ਪੂਰੀਆਂ ਨਾ ਕਰਦੇ ਹੋਣ, ਉਨ੍ਹਾਂ ਲਈ ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ ਵਿਸ਼ੇਸ਼ ਪ੍ਰੀਖਿਆ (ਸਪੈਸ਼ਲ ਟੈਸਟ) ਵੀ ਕਾਰਵਾਈ ਜਾ ਸਕਦੀ ਹੈ। ਘਰੇਲੂ ਪ੍ਰੀਖਿਆ ਦੌਰਾਨ ਬਿਮਾਰੀ ਦੀ ਛੁੱਟੀ ਦੀ ਅਰਜੀ ਤਾਂ ਹੀ ਮਨਜ਼ੂਰ ਹੋ ਸਕਦੀ ਹੈ, ਜੇਕਰ ਉਸਨੂੰ ਨਾਲ ਕਿਸੇ ਪ੍ਰਮਾਣਿਤ ਐਮ.ਬੀ.ਬੀ.ਐਸ/ ਐਮ.ਡੀ. ਡਾਕਟਰ ਦਾ ਮੈਡੀਕਲ ਸਰਟੀਫਿਕੇਟ ਹੋਵੇ । ਅਜਿਹੀ ਅਰਜੀ ਬਿਮਾਰੀ ਦੇ ਸਮੇਂ ਦੌਰਾਨ ਹੀ ਭੇਜਣੀ ਜਰੂਰੀ ਹੋਵੇਗੀ । ਪ੍ਰੀਖਿਆ ਲੰਘਣ ਤੋਂ ਬਾਅਦ ਵਿਚ ਕੋਈ ਮੈਡੀਕਲ ਸਰਟੀਫਿਕੇਟ ਪ੍ਰਵਾਨ ਨਹੀਂ ਕੀਤਾ ਜਾਵੇਗਾ । ਇਸ ਛੁੱਟੀ ਨਾਲ ਕੇਵਲ ਜੁਰਮਾਨੇ ਤੋਂ ਛੋਟ ਮਿਲ ਸਕਦੀ ਹੈ ਇਹ ਅਰਜੀ ਮੈਡੀਕਲ ਸਰਟੀਫਿਕੇਟ ਸਮੇਤ ਪ੍ਰੀਖਿਆ ਦੇ ਦੌਰਾਨ ਸਹਾਇਕ ਪ੍ਰੀਖਿਆਵਾਂ ਪਾਸ ਪਹੁੰਚ ਜਾਣੀ ਜਰੂਰੀ ਹੈ।

## 7. ਯੂਨੀਵਰਸਿਟੀ ਪ੍ਰੀਖਿਆ ਦੇਣ ਲਈ ਪਾਤਰਤਾ :

ਕੋਈ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆ ਵਿਚ ਬੈਠਣ ਦਾ ਹੱਕਦਾਰ ਤਾਂ ਹੀ ਹੋ ਸਕਦਾ ਹੈ, ਜੇਕਰ ਉਸਨੇ ਸਾਰੇ ਵਿਸ਼ਿਆਂ ਵਿਚੋਂ ਕੁੱਲ 25 ਪ੍ਰਤੀਸ਼ਤ ਜਾਂ ਹਰ ਵਿਸ਼ੇ ਵਿੱਚੋਂ 25 ਪ੍ਰਤੀਸ਼ਤ ਨੰਬਰ ਲਏ ਹੋਣ । ਸ਼ਰਤਾਂ ਪੂਰੀਆਂ ਨਾ ਹੋਣ ਦੀ ਸੂਰਤ ਵਿਚ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆ ਦੇਣ ਦੇ ਯੋਗ ਨਹੀਂ ਹੋਵੇਗਾ । ਵਿਦਿਆਰਥੀਆਂ ਦੇ ਮਾਪਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਉਨ੍ਹਾਂ ਦੇ ਘਰੇਲੂ ਪ੍ਰੀਖਿਆ ਦੇ ਨਤੀਜਿਆਂ ਦੀ ਸੂਚਨਾ ਅਤੇ ਲੈਕਚਰਾਂ ਸਬੰਧੀ ਸਮੇਂ ਸਮੇਂ ਤੇ ਜਾਣਕਾਰੀ ਪ੍ਰਾਪਤ ਕਰਦੇ ਰਹਿਣ ।

## 8. ਹਾਜ਼ਰੀਆਂ ਦੀ ਸ਼ਰਤ :

ਯੂਨੀਵਰਸਿਟੀ ਦੀ ਸਲਾਨਾ ਪ੍ਰੀਖਿਆ ਵਿਚ ਬੈਠਣ ਦੇ ਯੋਗ ਹੋਣ ਲਈ, ਵਿਦਿਆਰਥੀਆਂ ਲਈ ਹਰੇਕ ਵਿਸ਼ੇ (ਲਿਖਤੀ ਅਤੇ ਪ੍ਰੈਕਟੀਕਲਾਂ ਵਿਚ ਵੱਖ ਵੱਖ) ਵਿਚ ਘੱਟੋ ਘੱਟ 75% ਹਾਜ਼ਰੀਆਂ ਜਰੂਰੀ ਹਨ । ਅਜਿਹਾ ਨਾ ਹੋਣ ਲਈ ਤੇ ਵਿਦਿਆਰਥੀ ਨੂੰ ਡੀਟੇਨ ਕੀਤਾ ਜਾਵੇਗਾ । ਖਾਸ ਹਾਲਤਾਂ ਵਿਚ ਪ੍ਰਿੰਸੀਪਲ ਲੈਕਚਰਾਂ ਦੀ ਛੋਟ ਸੀਮਿਤ ਗਿਣਤੀ ਤੱਕ ਦੇ ਸਕਦੇ ਹਨ ।



Scanned with CamScanner

## 9. ਲਾਇਬ੍ਰੇਰੀ /ਸ਼ਨਾਖਤੀ ਕਾਰਡ :

ਸ਼ਨਾਖਤੀ ਕਾਰਡ ਬਣਾਉਣ ਸਮੇਂ ਫੋਟੋ ਨਾਲ ਲਿਆਂਦੀ ਜਾਵੇ । ਕਾਲਜ ਵਿਚ ਦਾਖਲਾ ਹੋਣ ਉਪਰੰਤ ਹੀ ਵਿਦਿਆਰਥੀ ਲਾਇਬ੍ਰੇਰੀਅਨ ਪਾਸੋਂ ਸ਼ਨਾਖਤੀ ਕਾਰਡ ਪ੍ਰਾਪਤ ਕਰੇਗਾ ਅਤੇ ਇਸ ਕਾਰਡ ਤੇ ਟਿਊਟਰ, ਸੀਨੀਅਰ ਟਿਊਟਰ/ਪ੍ਰਿੰਸੀਪਲ ਦੇ ਹਸਤਾਖਰ ਕਰਵਾਏਗਾ । ਹਰ ਵਿਦਿਆਰਥੀ ਹਰ ਸਮੇਂ ਇਸ ਕਾਰਡ ਨੂੰ ਆਪਣੇ ਕੋਲ ਰੱਖੇਗਾ ਅਤੇ ਕਾਲਜ ਦੇ ਕਿਸੇ ਵੀ ਅਧਿਕਾਰੀ ਦੀ ਮੰਗ ਤੇ ਉਸਨੂੰ ਕਾਰਡ ਦਿਖਾਉਣਾ ਪਵੇਗਾ । ਸ਼ਨਾਖਤੀ ਕਾਰਡ ਗੁੰਮ ਹੋਣ ਦੀ ਸੂਰਤ ਵਿਚ ਵਿਦਿਆਰਥੀ ਲਈ ਹਲਫੀਆ ਬਿਆਨ ਅਤੇ ਪੁਲਿਸ ਰਿਪੋਰਟ ਲਿਖਵਾਉਣੀ ਜ਼ਰੂਰੀ ਹੋਵੇਗੀ । ਇਸਦੇ ਬਦਲਣ/ਵਿਗੜਨ ਜਾਂ ਦੁਰਵਰਤੋਂ ਕਾਰਨ ਵਿਦਿਆਰਥੀ ਵਿਰੁੱਧ ਸਖਤ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ। ਡੁਪਲੀਕੇਟ ਸ਼ਨਾਖਤੀ ਕਾਰਡ ਇੱਕ ਕਲਾਸ ਵਿਚ ਸਿਰਫ ਇੱਕ ਵਾਰ ਹੀ ਬਣੇਗਾ । ਇਸ ਲਈ ਸ਼ਨਾਖਤੀ ਕਾਰਡ ਪੂਰੀ ਹਿਫਾਜਤ ਨਾਲ ਰੱਖਿਆ ਜਾਵੇ ।

## 10. ਟਿਊਟੋਰੀਅਲ ਗਰੁੱਪ :

ਵਿਦਿਆਰਥੀ ਦੇ ਬਹੁਪੱਖੀ ਵਿਕਾਸ ਅਤੇ ਵਿਦਿਆਰਥੀ ਅਧਿਆਪਕਾਂ ਦੇ ਉਚਿਤ ਤਾਲਮੇਲ ਦੇ ਮੰਤਵ ਲਈ ਹਰ ਵਿਦਿਆਰਥੀ ਨੂੰ ਇੱਕ ਟਿਊਟੋਰੀਅਲ ਗਰੁੱਪ ਨੰਬਰ ਅਲਾਟ ਕੀਤਾ ਜਾਂਦਾ ਹੈ। ਅਧਿਆਪਕ (ਟਿਊਟਰ) ਆਪਣੇ ਗਰੁੱਪ ਅਧੀਨ ਆਉਂਦੇ ਵਿਦਿਆਰਥੀ ਦੀ ਪੜ੍ਹਾਈ, ਵਿਹਾਰ ਅਤੇ ਆਚਰਣ ਦਾ ਨਿਗਰਾਨ ਹੈ। ਕਿਸੇ ਵੀ ਔਕੜ ਜਾਂ ਛੁੱਟੀ ਆਦਿ ਦੀ ਮਨਜ਼ੂਰੀ ਲਈ ਵਿਦਿਆਰਥੀ ਨੂੰ ਆਪਣੇ ਟਿਊਟਰ ਦੀ ਸਹਾਇਤਾ ਅਤੇ ਸਲਾਹ ਦਾ ਲਾਭ ਉਠਾਉਣਾ ਚਾਹੀਦਾ ਹੈ। ਆਪਣੇ ਟਿਊਟਰ ਤੋਂ ਇਲਾਵਾ ਵਿਦਿਆਰਥੀ ਸੀਨੀਅਰ ਟਿਊਟਰ ਤੋਂ ਵੀ ਅਗਵਾਈ ਅਤੇ ਸਹਾਇਤਾ ਪ੍ਰਾਪਤ ਕਰ ਸਕਦੇ ਹਨ ਟਿਊਟੋਰੀਅਲ ਗਰੁੱਪ ਨਾ ਲਾਉਣ ਵਾਲੇ ਨੂੰ ਵਿਸ਼ੇਸ਼ ਜੁਰਮਾਨਾ ਦੇਣਾ ਪਵੇਗਾ ।

# ਕਾਲਜ ਵਿੱਚ ਵਿਦਿਆਰਥੀਆਂ ਲਈ ਉਪਲੱਬਧ ਸਹੂਲਤਾਂ

## 1 ਐਜੂਸੈਟ (Edusat)

ਕਾਲਜ ਵਿਖੇ ਸਰਕਾਰ ਵੱਲੋਂ ਉਪਗ੍ਰਹਿ ਸਿੱਖਿਆ ਪ੍ਰਣਾਲੀ ਤਹਿਤ ਇੱਕ ਐਜੂਸੈਂਟ ਕਲਾਸ ਰੂਮ ਤਿਆਰ ਕੀਤਾ ਗਿਆ ਹੈ।ਜਿਸ ਵਿੱਚ ਐਜੂਸੈਂਟ ਹੱਬ ਮੁਹਾਲੀ ਤੋਂ *Live* ਲੈਕਚਰ ਵੱਖ ਵੱਖ ਵਿਸ਼ਿਆਂ ਤੇ ਉਪਰ ਆਧਾਰਤ ਪ੍ਰਸਾਰਤ ਕੀਤੇ ਜਾਂਦੇ ਹਨ ।ਵਿਦਿਆਰਥੀ ਇੰਨ੍ਹਾਂ ਤੋਂ ਲਾਭ ਉਠਾ ਸਕਦੇ ਹਨ।ਇਸ ਦਾ ਸ਼ਡਿਊਲ ਐਜੂਸੈਂਟ ਨੋਡਲ ਅਫਸਰ ਦੁਆਰਾ ਸਮੇਂ ਸਮੇਂ ਤੇ ਨੋਟਿਸ ਬੋਰਡ ਤੇ ਲਗਾਇਆ ਜਾਂਦਾ ਹੈ।

## 2 ਲਾਇਬ੍ਰੇਰੀ

ਕਾਲਜ ਦੀ ਲਾਇਬ੍ਰੇਰੀ ਵਿੱਚ ਲਗਭਗ 10,000 ਪੁਸਤਕਾਂ ਹਨ ।ਲਾਇਬ੍ਰੇਰੀ ਵਿੱਚ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦੇ ਦੈਨਿਕ ਅਖਬਾਰ ਅਤੇ ਰਸਾਲੇ ਆਉਂਦੇ ਹਨ ।ਲਾਇਬਰੇਰੀ ਸਬੰਧੀ ਵਿਸ਼ੇਸ਼ ਹਦਾਇਤਾਂ/ ਨਿਯਮ ਹੇਠ ਲਿਖੇ ਅਨੁਸਾਰ ਹਨ।

1. ਹਰ ਵਿਦਿਆਰਥੀ 14 ਦਿਨਾਂ ਲਈ ਕਿਤਾਬਾਂ ਰੱਖ ਸਕਦਾ ਹੈ। ਵਾਪਸੀ ਵਿੱਚ ਦੇਰੀ ਜੁਰਮਾਨਾ 1 ਰੁਪਿਆ ਪ੍ਰਤੀ ਦਿਨ ਪੁਸਤਕ ਦੇ ਹਿਸਾਬ ਨਾਲ ਲਿਆ ਜਾਵੇਗਾ । ਇਸ ਵਿਚ ਲੰਬੀਆਂ ਛੁੱਟੀਆਂ ਨੂੰ ਛੱਡ ਕੇ ਜੁਰਮਾਨਾ ਲਿਆ ਜਾਵੇਗਾ ।
2. ਜੇਕਰ ਕੋਈ ਵਿਦਿਆਰਥੀ ਕਿਤਾਬ ਉਪਰ ਕੁੱਝ ਵੀ ਲਿਖਦਾ ਹੈ ਜਾਂ ਕਿਸੇ ਤਰ੍ਹਾਂ ਖਰਾਬ ਕਰਦਾ ਹੈ ਤਾਂ ਉਸ ਨੂੰ ਕਿਤਾਬ ਦੀ ਦੁੱਗਣੀ ਕੀਮਤ ਦੇਣੀ ਪਵੇਗੀ ਜਾਂ ਉਸਨੂੰ ਕਿਤਾਬ ਨਵੀਂ ਖਰੀਦ ਕੇ ਦੇਣੀ ਪਵੇਗੀ ।
3. ਵਿਸ਼ੇਸ਼ ਰੂਪ ਵਿਚ ਰਾਖਵੀਆਂ ਪੁਸਤਕਾਂ ਲਾਇਬ੍ਰੇਰੀ ਤੋਂ ਬਾਹਰ ਨਹੀਂ ਜਾਣਗੀਆਂ ।
4. ਕਿਤਾਬ ਗੁਆਚਣ ਦੀ ਸੂਰਤ ਵਿਚ ਅਗਰ ਮਾਰਕਿਟ ਵਿਚ ਕਿਤਾਬ ਨਾ ਮਿਲਦੀ ਹੋਵੇ ਤਾਂ ਪ੍ਰਿੰਸੀਪਲ ਸਾਹਿਬ ਕੀਮਤ ਤੋਂ ਇਲਾਵਾ ਜੁਰਮਾਨਾ ਵੀ ਪਾ ਸਕਦੇ ਹਨ ।
5. ਲਾਇਬ੍ਰੇਰੀ ਸਕਿਊਰਟੀ ਕਾਲਜ ਛੱਡਣ ਦੇ ਇੱਕ ਸਾਲ ਦੇ ਅੰਦਰ ਅੰਦਰ ਕਢਵਾਈ ਜਾ ਸਕਦੀ ਹੈ ।

## 3 ਕੈਰੀਅਰ ਗਾਈਡੈਂਸ ਅਤੇ ਕਾਊਂਸਲਿੰਗ ਸੈੱਲ

ਇਸ ਦਾ ਪ੍ਰਮੁੱਖ ਉਦੇਸ਼ ਵਿਦਿਆਰਥੀਆਂ ਵਿਚ ਰੋਜ਼ਗਾਰ ਵਸੀਲਿਆ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਉਹਨਾਂ ਨੂੰ ਆਪਣੇ ਕੈਰੀਅਰ ਦੀ ਵਿਉਂਤਬੰਦੀ ਪ੍ਰਕੀਰਿਆ ਵਿਚ ਸਹਾਇਤਾ ਕਰਨਾ ਹੈ। ਇਸ ਕੇਂਦਰ ਵਿਚ ਵਿਭਿੰਨ ਪ੍ਰਕਾਰ ਦੇ ਰੋਜ਼ਗਾਰ-ਕਿੱਤਿਆ ਵਿਭਿੰਨ ਪ੍ਰਕਾਰ ਦਿਆਂ ਵਿੱਦਿਅਕ ਸਿਖਲਾਈ ਦੀਆਂ ਸਹੂਲਤਾਂ, ਮੁਕਾਬਲੇ ਦੀਆਂ ਪ੍ਰੀਖਿਆਵਾਂ ਅਤੇ ਸਵੈ-ਰੋਜ਼ਗਾਰ ਦੇ ਵਸੀਲਿਆਂ ਨਾਲ ਸੰਬੰਧਿਤ ਸਾਹਿਤ ਨੂੰ ਪ੍ਰਦਰਸ਼ਤ ਕੀਤਾ ਜਾਂਦਾ ਹੈ।

## 4 ਅਨੁਸ਼ਾਸਨ ਅਤੇ ਐਂਟੀ ਰੈਗਿੰਗ ਸ਼ਿਕਾਇਤ ਨਿਵਾਰਨ ਸੈੱਲ

ਵਿਦਿਆਰਥੀਆਂ ਨੂੰ ਅਕਾਦਮਿਕ ਮਾਹੌਲ ਪ੍ਰਦਾਨ ਕਰਨ ਲਈ ਕਾਲਜ ਦੇ ਸੀਨੀਅਰ ਪ੍ਰਾਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਦਿੱਤੇ ਸੁਝਾਆਂ ਅਤੇ ਸ਼ਿਕਾਇਤਾਂ ਦੇ ਆਧਾਰ ਤੇ ਬਣਦੀ ਕਾਰਵਾਈ ਕੀਤੀ ਜਾਂਦੀ ਹੈ। ਇਸ ਸਬੰਧੀ ਪ੍ਰੋਫੈਸਰ ਇੰਚਾਰਜ (ਅਨੁਸ਼ਾਸਨ) ਨਾਲ ਸੰਪਰਕ ਕੀਤਾ ਜਾਵੇ । ਰੈਗਿੰਗ ਸਬੰਧੀ ਸ਼ਿਕਾਇਤ ਵੀ ਉਨ੍ਹਾਂ ਕੋਲ ਦਿੱਤੀ ਜਾਣੀ ਚਾਹੀਦੀ ਹੈ। ਰੈਗਿੰਗ ਕਾਲਜ ਕੈਂਪਸ ਵਿੱਚੋਂ ਕਾਨੂੰਨੀ ਤੌਰ ਤੇ ਬੰਦ ਹੈ। ਜੇਕਰ ਕੋਈ ਵਿਦਿਆਰਥੀ ਰੈਗਿੰਗ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਉਪਰ ਨਿਯਮਾਂ ਅਨੁਸਾਰ ਕਾਰਵਾਈ ਹੋਵੇਗੀ। ਵਿਦਿਆਰਥੀ/ਮਾਪੇ ਇਸ ਸਬੰਧੀ ਦਫਤਰ ਵਿੱਚੋ ਨਿਰਧਾਰਿਤ ਫਾਰਮ ਪ੍ਰਾਪਤ ਕਰਕੇ ਸਵੈ-ਘੋਸ਼ਣਾ ਦੇਣਾ ਯਕੀਨੀ ਬਣਾਉਣ ।

## 5 ਕਾਲਜ ਕੰਟੀਨ

ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਵਿਚ ਕੰਟੀਨ ਦਾ ਵੀ ਪ੍ਰਬੰਧ ਹੈ। ਜਿਸ ਵਿਚ ਉਚਿਤ ਰੇਟਾਂ ਤੇ ਖਾਣ-ਪੀਣ ਦੀਆਂ ਵਸਤਾਂ ਉਪਲੱਬਧ ਹਨ ਕੰਟੀਨ ਨੂੰ ਸਾਫ ਸੁਥਰਾ ਰੱਖਣਾ, ਸ਼ੋਰ ਨਾ ਕਰਨਾ, ਉਚਿਤ ਢੰਗ ਨਾਲ ਬੈਠਣਾ, ਲੜਾਈ ਨਾ ਕਰਨਾ ਵਿਦਿਆਰਥੀਆਂ ਦੇ ਆਪਣੇ ਹਿੱਤ ਵਿਚ ਹੈ। ਅਨੁਸ਼ਾਸਨ ਭੰਗ ਕਰਨ ਵਾਲਿਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।



Scanned with CamScanner

### 6 ਕਾਲਜ ਬੈਂਕ ਸ਼ਾਖਾ ਦੀ ਸਹੂਲਤ

ਕਾਲਜ ਸਟਾਫ਼ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਪੀ.ਐਨ.ਬੀ. ਦੀ ਸ਼ਾਖਾ ਕਾਲਜ ਦੇ ਬਾਹਰ ਬਣੀ ਹੋਈ ਹੈ । ਬੈਂਕ ਆਪਣੇ ਨਿਸ਼ਚਿਤ ਸਮੇਂ ਤੇ ਖੁੱਲਦਾ ਹੈ। ਵਿਦਿਆਰਥੀਆਂ ਨੂੰ ਜ਼ੀਰੋ ਬੈਲੇਂਸ ਤੇ ਖਾਤਾ ਖੋਲਣ ਦੀ ਸੁਵਿਧਾ ਦਿੱਤੀ ਗਈ ਹੈ। ਵਿਦਿਆਰਥੀ ਇਸ ਸਹੂਲਤ ਦਾ ਲਾਭ ਪ੍ਰਾਪਤ ਕਰ ਸਕਦੇ ਹਨ।

### 7 ਬਿਜਲੀ /ਜੈਨਰੇਟਰ ਦੀ ਸਹੂਲਤ

ਕਾਲਜ ਦੇ ਵਿਦਿਆਰਥੀਆਂ ਦੀ ਸੁਵਿਧਾ ਲਈ ਕਾਲਜ ਕੈਂਪਸ ਵਿਖੇ ਜੈਨਰੇਟਰ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਆਮ ਦਿਨਾਂ ਅਤੇ ਪ੍ਰੀਖਿਆਵਾਂ ਦੌਰਾਨ ਬਿਜਲੀ ਨਾਂ ਹੋਣ ਦੀ ਸੂਰਤ ਵਿੱਚ ਹੋਣ ਵਾਲੀ ਪ੍ਰੇਸ਼ਾਨੀ ਤੋਂ ਬਚਿਆ ਜਾ ਸਕੇ । ਇਸ ਸਹੂਲਤ ਨਾਲ ਦਫਤਰੀ ਦਫਤਰੀ ਕੰਮ ਕਾਜ ਵੀ ਲਗਾਤਾਰ ਜਾਰੀ ਰਹਿੰਦਾ ਹੈ।

### 8 ਪਾਰਕਿੰਗ ਦੀ ਸਹੂਲਤ

ਵਿਦਿਆਰਥੀਆਂ ਦੇ ਸਾਇਕਲ, ਸਕੂਟਰ, ਮੋਪਡ ਆਦਿ ਦੀ ਪਾਰਕਿੰਗ ਲਈ ਖਾਸ ਪ੍ਰਬੰਧ ਹੈ। ਪਾਰਕਿੰਗ/ਸਾਇਕਲ ਸਟੈਂਡ ਦੇ ਇੰਚਾਰਜ ਪ੍ਰੋਫੈਸਰ ਵੱਲੋਂ ਅਚਾਨਕ ਚੈਕਿੰਗ ਕੀਤੀ ਜਾਂਦੀ ਹੈ ਜੇਕਰ ਵਿਦਿਆਰਥੀਆਂ ਦੇ ਵਾਹਨ ਸਾਇਕਲ ਸਟੈਂਡ ਤੋਂ ਬਾਹਰ ਖੜ੍ਹੇ ਮਿਲਣ ਤਾਂ ਵਿਸ਼ੇਸ਼ ਜੁਰਮਾਨਾ ਕੀਤਾ ਜਾ ਸਕਦਾ ਹੈ।

## ਸਹਿ-ਵਿਦਿਅਕ ਗਤੀਵਿਧੀਆਂ

ਅਕਾਦਮਿਕ ਖੇਤਰ ਦੇ ਨਾਲ-ਨਾਲ ਵਿਦਿਆਰਥੀਆਂ ਦੀ ਸਖਸ਼ੀਅਤ ਦੇ ਭਰਪੂਰ ਵਿਕਾਸ ਹਿੱਤ ਕਾਲਜ ਵਿੱਚ ਵੱਖ ਵੱਖ ਗਤੀਵਿਧੀਆਂ ਦਾ ਢੁੱਕਵਾਂ ਪ੍ਰਬੰਧ ਹੈ:

1) **ਖੇਡਾਂ** : ਕਾਲਜ ਵਿੱਚ ਹਾਕੀ, ਫੁੱਟਬਾਲ, ਕ੍ਰਿਕਟ, ਬੈਡਮਿੰਟਨ, ਬਾਸਕਟ-ਬਾਲ, ਵਾਲੀਬਾਲ, ਲਾਅਨ ਟੈਨਿਸ, ਕਬੱਡੀ, ਚੈਸ, ਬਾਕਸਿੰਗ, ਪਾਵਰ ਲਿਫਟਿੰਗ ਅਤੇ ਰੈਸਲਿੰਗ ਆਦਿ ਖੇਡਾਂ ਲਈ ਗਰਾਊਂਡ ਉਪਲੱਬਧ ਹਨ । ਖੇਡਾਂ ਲਈ ਯੋਗ ਅਗਵਾਈ ਲਈ ਲੜਕੇ ਲੜਕੀਆਂ ਦੋਵੇਂ ਸਰੀਰਿਕ ਸਿੱਖਿਆ ਵਿਭਾਗ ਦੇ ਮੁੱਖੀ ਨਾਲ ਸੰਪਰਕ ਕਰ ਸਕਦੇ ਹਨ ।

2) **ਐਨ.ਐਸੱ.ਐਸੱ.** : ਵਿਦਿਆਰਥੀਆਂ ਵਿੱਚ ਸਮਾਜ ਸੇਵਾ ਅਤੇ ਕੌਮੀ ਏਕਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਕਾਲਜ ਵਿੱਚ ਐਨ.ਐਸ.ਐਸ. ਦੇ ਤਿੰਨ ਯੂਨਿਟ ਕਾਇਮ ਕੀਤੇ ਗਏ ਹਨ । ਇਨ੍ਹਾਂ ਵਿੱਚ ਲੜਕੀਆਂ ਲਈ ਵੱਖਰਾ ਯੂਨਿਟ ਹੈ। ਕੌਮੀ ਸੇਵਾ ਯੋਜਨਾ ਦੁਆਰਾ ਪੂਰੇ ਸੈਸ਼ਨ ਦੌਰਾਨ ਕੈਂਪ, ਸੈਮੀਨਾਰ, ਜਾਗਰੂਕਤਾ ਰੈਲੀਆਂ ਅਤੇ ਖੂਨਦਾਨ ਕੈਂਪ ਲਗਾਏ ਜਾਂਦੇ ਹਨ । ਵਿਦਿਆਰਥੀ ਐਨ.ਐਸੱ. ਐਸੱ. ਵਲੰਟੀਅਰ ਲਈ ਭਰਤੀ ਫਾਰਮ ਭਰਕੇ ਭਾਗ ਲੈ ਸਕਦੇ ਹਨ।

3) **ਵਿਦਿਆਰਥੀ ਸਭਾਵਾਂ** : ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਇਲਾਵਾ ਸਹਿ-ਵਿਦਿਅਕ ਸਰਗਰਮੀਆਂ ਲਈ ਵੀ ਪ੍ਰੇਰਨਾ ਦਿੱਤੀ ਜਾਂਦੀ ਹੈ। ਇਸ ਮੰਤਵ ਲਈ ਪੰਜਾਬੀ ਸਾਹਿਤ ਸਭਾ, ਹਿੰਦੀ ਸਾਹਿਤ, ਪੋਲੀਟੀਕਲ ਸਾਇੰਸ ਐਸੋਸੀਏਸ਼ਨ, ਮਨੋਵਿਗਿਆਨ ਸੋਸਾਇਟੀ, ਹਿਸਟਰੀ ਸੁਸਾਇਟੀ, ਇਕਨਾਮਿਕਸ ਸੁਸਾਇਟੀ, ਭੂਗੋਲ ਸੁਸਾਇਟੀ ਆਦਿ ਸਥਾਪਿਤ ਕੀਤੀਆਂ ਜਾਂਦੀਆ ਹਨ ।

4) **ਕਾਲਜ ਮੈਗਜ਼ੀਨ "ਕੁਕਨਸ"** : ਵਿਦਿਆਰਥੀਆਂ ਵਿੱਚ ਰੁਚਨਾਤਮਕ ਰੁਚੀਆਂ ਨੂੰ ਉਤਸ਼ਾਹਿਤ ਕਰਨ ਲਈ ਹਰ ਸਾਲ 'ਕੁਕਨਸ' ਕਾਲਜ ਮੈਗਜ਼ੀਨ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਜਿਸ ਵਿੱਚ ਪੰਜਾਬੀ, ਹਿੰਦੀ, ਅੰਗਰੇਜ਼ੀ, ਸੋਸਲ ਸਾਇੰਸ ਅਤੇ ਕਾਲਜ ਦਰਪਣ ਦੇ ਸੈਕਸ਼ਨ ਹੁੰਦੇ ਹਨ । ਹਰ ਸੈਕਸ਼ਨ ਦੇ ਸੰਪਾਦਕ ਦਾ ਕੰਮ ਇੱਕ ਪ੍ਰੋਫੈਸਰ ਇੰਚਾਰਜ ਨੂੰ ਸੌਂਪਿਆ ਜਾਂਦਾ ਹੈ। ਜੋ ਅੱਗੇ ਆਪਣੀ ਸਹਾਇਤਾ ਲਈ ਇੱਕ ਵਿਦਿਆਰਥੀ ਸੰਪਾਦਕ ਦੀ ਚੋਣ ਕਰਦੇ ਹਨ ।

5) **ਰੈਡੱ ਕਰਾਸ ਸੁਸਾਇਟੀ** : ਕਾਲਜ ਵਿੱਚ ਰੈਡ ਕਰਾਸ ਸੁਸਾਇਟੀ ਬਣੀ ਹੋਈ ਹੈ। ਵਿਦਿਆਰਥੀ ਇਸ ਦੇ ਮੈਂਬਰ ਬਣ ਕੇ ਵੱਖ ਵੱਖ ਗਤੀਵਿਧੀਆਂ ਵਿੱਚ ਭਾਗ ਲੈ ਸਕਦੇ ਹਨ । ਇਸ ਲਈ ਰੈਡ ਕਰਾਸ ਪ੍ਰੋਫੈਸਰ ਇੰਚਾਰਜ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



Scanned with CamScanner

# ਵਜੀਫ਼ੇ ਅਤੇ ਵਿੱਤੀ ਸਹਾਇਤਾ

ਕਾਲਜ ਵਿੱਚ ਪੜ੍ਹਦੇ ਸਾਰੇ ਵਿਦਿਆਰਥੀਆਂ ਲਈ ਭਾਰਤ ਸਰਕਾਰ/ ਪੰਜਾਬ ਸਰਕਾਰ/ ਯੂਨੀਵਰਸਿਟੀ ਵੱਲੋਂ ਵਜੀਫੇ ਤੇ ਵਿੱਤੀ ਸਹਾਇਤਾ ਦੇਣ ਦਾ ਪ੍ਰਬੰਧ ਹੈ, ਸਰਕਾਰ ਵੱਲੋਂ ਜਾਣਕਾਰੀ ਪ੍ਰਾਪਤ ਹੋਣ ਸਮੇਂ ਸਮੇਂ ਤੇ ਵਿਦਿਆਰਥੀਆਂ ਨੂੰ ਇਹਨਾਂ ਦੀਆਂ ਸ਼ਰਤਾਂ ਅਤੇ ਬਿਨੈ-ਪੱਤਰ ਦੇਣ ਸਬੰਧੀ ਜਾਣਕਾਰੀ ਨੂੰ ਕਾਲਜ ਨੋਟਿਸ ਬੋਰਡ ਤੇ ਨੋਟਿਸ ਰਾਹੀ ਸੂਚਿਤ ਕੀਤਾ ਜਾਂਦਾ ਹੈ । ਵਿਸ਼ੇਸ਼ ਸਕਾਲਰਸ਼ਿਪ ਸਕੀਮਾਂ ਇਸ ਪ੍ਰਕਾਰ ਹਨ :-

## 1) ਅਨੁਸੂਚਿਤ ਜਾਤੀ/ਪੱਛੜੀਆਂ ਸ਼੍ਰੇਣੀਆਂ/( ਕੇਂਦਰੀ ਪ੍ਰਾਯੋਜਿਤ ਸਕੀਮ) ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ:

ਹਵਾਲਾ : ਸਪੈਸ਼ਲ ਸਕੱਤਰ ਵੈਲਫੇਅਰ (ਪੰਜਾਬ ਸਰਕਾਰ) ਪੱਤਰ ਨੰ: 295-348 ਮਿਤੀ 210-5-2018 ਚੰਡੀਗੜ੍ਹ ਇਸ ਸਕਾਲਰਸ਼ਿਪ ਉਨ੍ਹਾਂ ਵਿਦਿਆਰਥੀਆਂ ਨੂੰ ਮਿਲ ਸਕਦਾ ਹੈ ਜਿਹੜੇ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ :

1) ਸਵੈ-ਰੁਜਾਗਰ ਮਾਤਾ/ਪਿਤਾ/ਸਰਪ੍ਰਸਤ ਜੁਡੀਸ਼ੀਅਲ ਸਟੈਂਪ ਪੇਪਰ ਦੇ ਉਤੇ 2.5 ਲੱਖ ਤੋ ਘੱਟ ਆਮਦਨ ਦਾ ਹਲਫੀਆ ਬਿਆਨ ਦੇਣਾ ਹੋਵੇਗਾ ਅਤੇ ਨੌਕਰੀ ਕਰ ਰਹੇ ਮਾਤਾ-ਪਿਤਾ/ਸਰਪ੍ਰਸਤ ਨੂੰ ਨਾਨ-ਜੁਡੀਸ਼ੀਅਲ ਪੇਪਰ ਉਤੇ ਹਲਫੀਆ ਬਿਆਨ ਦੇਣਾ ਹੋਵੇਗਾ ਅਤੇ ਆਪਣੇ ਐਮਪਲਾਇਅਰ ਤੋਂ ਆਮਦਨ ਦਾ ਸਰਟੀਫਿਕੇਟ ਦੇਣਾ ਹੋਵੇਗਾ ।
2) ਵਿਦਿਆਰਥੀਆਂ ਤੋਂ ਦਾਖਲੇ ਸਮੇਂ ਜਾਤੀ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਅਤੇ ਪੰਜਾਬ ਰਾਜ ਦਾ ਵਸਨੀਕ ਹੋਣ ਸਬੰਧੀ ਸਬੂਤ ਲਿਆ ਜਾਵੇ।
3) ਆਪਣੇ ਵਜ਼ੀਫ਼ੇ ਫਾਰਮ'ਚ ਬੈਂਕ ਦਾ ਨਾਮ, IFSC ਕੋਡ, ਆਨਲਾਈਨ ਬੈਂਕ ਦਾ ਖਾਤਾ ਨੰਬਰ, ਆਧਾਰ ਕਾਰਡ ਦਾ ਨੰਬਰ ਜਰੂਰ ਦਿੱਤਾ ਹੋਵੇ ।
4) ਦਾਖਲੇ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਜਿਨਾਂ ਵਿਦਿਆਰਥੀਆਂ ਦੇ ਅਧਾਰ ਕਾਰਡ ਤੇ ਜਨਮ ਮਿਤੀ ਦਸਵੀ> ਦੇ ਸਰਟੀਫਿਕੇਟ ਨਾਲੋਂ ਵੱਖ ਹੈ ਤਾਂ ਅਧਾਰ ਕਾਰਡ ਤੇ ਜਨਮ ਮਿਤੀ ਦਸਵੀਂ ਦੇ ਸਰਟੀਫਿਕੇਟ ਦੇ ਅਨੁਸਾਰ ਕਰਵਾਈ ਜਾਵੇ। ਅਧਾਰ ਕਾਰਡ ਤੇ ਵਿਦਿਆਰਥੀ ਅਤੇ ਮਾਤਾ ਪਿਤਾ ਦੇ ਨਾਵਾਂ ਦੇ ਸਪੈਲਿੰਗ ਦਸਵੀਂ ਸਰਟੀਫਿਕੇਟ ਦੇ ਅਨੁਸਾਰ ਠੀਕ ਕਰਵਾ ਕੇ ਤਸਦੀਕਸ਼ੁਦਾ ਕਾਪੀ ਲਈ ਜਾਵੇ।
5) ਬੈਂਕ ਖਾਤੇ ਨੂੰ ਚਾਲੂ ਰੱਖਿਆ ਜਾਵੇ ਅਤੇ ਅਧਾਰ ਕਾਰਡ ਨਾਲ ਲਿੰਕ ਕੀਤਾ ਹੋਣਾ ਚਾਹੀਦਾ ਹੈ ।

### ਜਰੂਰੀ ਹਦਾਇਤਾਂ :

1) ਵਿਦਿਆਰਥੀਆਂ ਨੂੰ ਇਹ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਕ ਤੋਂ ਵੱਧ ਵਾਰ ਜਾਂ ਇਕ ਤੋਂ ਵੱਧ ਵਜੀਫਾ ਸਕੀਮਾਂ ਵਿੱਚ ਵਜੀਫੇ ਲਈ ਅਪਲਾਈ ਨਾ ਕਰਨ ।
2) ਜੇਕਰ ਕਿਸੇ ਵਿਦਿਆਰਥੀ ਵੱਲੋਂ ਦੋ ਵਾਰ ਵਜੀਫਾ ਅਪਲਾਈ ਕੀਤਾ ਜਾਂਦਾ ਹੈ ਤਾਂ ਇਸ ਸਬੰਧੀ ਵਿਦਿਆਰਥੀ ਆਪ ਨਿੱਜੀ ਤੌਰ ਤੇ ਕਾਲਜ ਨੂੰ ਲਿਖਤੀ ਦੱਸੇ ਅਤੇ ਆਪਣੀ ਇੱਕ ਆਈ.ਡੀ. ਨੂੰ ਕੈਂਸਲ ਕਰਵਾਏ ।
3) ਵਿਦਿਆਰਥੀ ਵਜੀਫਾ ਆਨ-ਲਾਈਨ ਅਪਲਾਈ ਕਰਨ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਣ ਕਿ ਐਸ.ਸੀ. ਵਿਦਿਆਰਥੀਆਂ ਲਈ ਸਲਾਨਾ ਆਮਦਨ ਸਰਟੀਫਿਕੇਟ ਦੀ ਹੱਦ 2.50 ਲੱਖ ਤੋਂ ਘੱਟ ਹੋਵੇ ਅਤੇ ਓ.ਬੀ.ਸੀ ਵਿਦਿਆਰਥੀਆਂ ਲਈ 1.00 ਲੱਖ ਤੋਂ ਘੱਟ ਹੋਣੀ ਚਾਹੀਦੀ ਹੈ। ਜੇਕਰ ਕਿਸੇ ਵਿਦਿਆਰਥੀ ਦਾ ਸਰਟੀਫਕੇਟ ਇਸ ਸ਼ਰਤ ਤੇ ਗਲਤ ਪਾਇਆ ਗਿਆ ਤਾਂ ਉਸ ਦਾ ਵਜੀਫਾ ਅਪਲਾਈ ਰੱਦ ਕਰ ਦਿੱਤਾ ਜਾਵੇਗਾ ।
4) ਵਿਦਿਆਰਥੀ ਆਪਣਾ ਜਾਤੀ ਸਰਟੀਫਿਕੇਟ ਵਜੀਫਾ ਅਪਲਾਈ ਕਰਨ ਸਮੇਂ ਜਰੂਰ ਅਪਲੋਡ ਕਰਵਾਉਣ ਅਤੇ ਇਸ ਦੀਆਂ ਦੋ ਕਾਪੀਆਂ ਕਾਲਜ ਦਫਤਰ ਵਿਖੇ ਜਮ੍ਹਾਂ ਕਰਵਾਈਆਂ ਜਾਣ ।
5) ਵਿਦਿਆਰਥੀ ਦੇ ਅਧਾਰ ਕਾਰਡ ਦੀ ਕਾਪੀ, ਰੰਗਦਾਰ 4 ਤਾਜੀਆਂ ਫੋਟੋ, ਪਿਛਲੀ ਪਾਸ ਕੀਤੀ ਸ਼੍ਰੇਣੀ ਦੇ ਦਸਤਾਵੇਜ਼, ਕਾਲਜ ਦੀ ਫੀਸ ਰਸੀਦ ਦੀ ਕਾਪੀ ਅਤੇ ਕਾਲਜ ਆਈ.ਡੀ.ਕਾਰਡ ਦੀ ਕਾਪੀ ਕਾਲਜ ਦਫਤਰ ਵਿਖੇ ਜਮ੍ਹਾਂ ਕਰਵਾਉਣੀ ਲਾਜ਼ਮੀ ਬਣਾਈ ਜਾਵੇ ।

ਨੋਟ : ਉਪਰੋਕਤ ਸਕਾਲਰਸ਼ਿਪ ਸਕੀਮ ਦਾ ਲਾਭ ਪ੍ਰਾਪਤ ਕਰਨ ਲਈ ਵਿਦਿਆਰਥੀ ਦੀ ਜਾਣਕਾਰੀ ਹਿੱਤ ਪੱਤਰ ਦੀ ਕਾਪੀ, ਹਲਫੀਆ ਬਿਆਨ ਕਾਪੀ ਅਦਿ ਵੇਰਵਾ ਨੋਟਿਸ ਬੋਰਡ ਉਪਰ ਲਗਾ ਦਿੱਤਾ ਗਿਆ ਹੈ ਅਤੇ ਉਹ ਇਸ ਸਬੰਧੀ ਵਜੀਫਾ ਕਲਰਕ ਕੋਲੋਂ ਮੁਕੰਮਲ ਜਾਣਕਾਰੀ ਹਾਸਲ ਕਰ ਸਕਦੇ ਹਨ । ਇਸ ਸਕਾਲਰਸ਼ਿਪ ਦੇ ਲਈ ਨਵੇਂ ਵਿਦਿਆਰਥੀ ਨਵੇਂ ਕੇਸ ਸਬੰਧੀ ਅਤੇ ਪੁਰਾਣੇ ਵਿਦਿਆਰਥੀ ਰੀਨਿਊਲ ਕੇਸਾਂ ਦੇ ਲਈ ਅਰਜ਼ੀ ਦੇ ਸਕਦੇ ਹਨ । ਇਸ ਵਜੀਫੇ ਦੀ ਪੂਰੀ ਜਾਣਕਾਰੀ ਵਿਭਾਗ ਦੀ ਵੈਬ ਸਾਈਟ www.dpipunjab.org (ਸਕਾਲਰਸ਼ਿਪ ਫੋਲਡਰ) ਵਿੱਚ ਦੇਖੀ ਜਾ ਸਕਦੀ ਹੈ। ਹੋਰ ਜਾਣਕਾਰੀ ਲਈ ਵਜੀਫਾ ਕਲੱਰਕ ਨਾਲ ਸੰਪਰਕ ਕਰਨ ਤਾਂ ਕਿ ਨਿਸ਼ਚਤ ਮਿਤੀ ਤੱਕ ਵਿਦਿਆਰਥੀ ਅਪਣੇ ਵਜੀਫੇ ਸਬੰਧੀ ਕੇਸ ਦਫਤਰ ਵਿੱਚ ਜਰੂਰ ਜਮਾਂ ਕਰਵਾ ਸਕਣ । ਵਿਦਿਆਰਥੀ ਦਾਖਲਾ ਲੈਣ ਉਪਰੰਤ ਵਜੀਫਾ ਕਮੇਟੀ ਨਾਲ ਤਾਲਮੇਲ ਬਣਾਈ ਰੱਖਣ ਅਤੇ ਨੋਟਿਸ ਬੋਰਡ ਵਾਚਦੇ ਰਹਿਣ।

## 2) ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਦੇ ਲਈ ਮੈਰਿਟ-ਕਮ-ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ-

ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਇਸਾਈ, ਬੋਧੀ, ਪਾਰਸੀ ਅਤੇ ਜੈਨ) ਨਾਲ ਸਬੰਧਤ ਪੰਜਾਬ ਸਰਕਾਰ ਵਲੋਂ ਪ੍ਰਵਾਨਤ ਸੰਸਥਾਵਾਂ ਵਿਚ ਗਰੈਜੂਏਟ/ਪੋਸਟ-ਗਰੈਜੂਏਟ ਪੱਧਰ ਦੇ ਤਕਨੀਕੀ ਜਾਂ ਪ੍ਰੋਫੈਸ਼ਨਲ ਕੋਰਸ ਵਿਚ ਪੜ੍ਹ ਰਹੇ ਵਿਦਿਆਰਥੀਆਂ ਪਾਸੋਂ ਮੈਰਿਟ-ਕਮ-ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਇਸਾਈ, ਬੋਧੀ, ਪਾਰਸੀ ਅਤੇ ਜੈਨ) ਨਾਲ



Scanned with CamScanner

ਸਬੰਧਤ ਪੰਜਾਬ ਸਰਕਾਰ ਵਲੋਂ ਪ੍ਰਵਾਨਤ ਸੰਸਥਾਵਾਂ ਵਿੱਚ ਗਰੈਜੂਏਟ/ਪੋਸਟ-ਗਰੈਜੂਏਟ ਪੱਧਰ ਦੇ ਤਕਨੀਕੀ ਜਾਂ ਪ੍ਰੋਫੈਸ਼ਨਲ ਕੋਰਸ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਪਾਸੋਂ ਮੈਰਿਟ-ਕਮ-ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ ਅਧੀਨ ਵਿਦਿਅਕ ਸੈਸ਼ਨ 2017-18 ਦੌਰਾਨ ਸਕਾਲਰਸ਼ਿਪ ਦੇਣ ਲਈ ਆਨ-ਲਾਈਨ ਦਰਖਾਸਤਾਂ **www.scholarships.gov.in** ਵੈਬ ਸਾਈਟ 'ਤੇ ਮੰਗੀਆਂ ਜਾਂਦੀਆਂ ਹਨ।

**ਸਕਾਲਰਸ਼ਿਪ ਦੇਣ ਸਬੰਧੀ ਯੋਗਤਾ ਦਾ ਮਾਪ-ਦੰਡ/ਸ਼ਰਤਾਂ:**

1) ਵਿਦਿਆਰਥੀ ਦੇ ਮਾਪਿਆਂ ਦੀ ਸਾਲਾਨਾ ਆਮਦਨ 2.00 ਲੱਖ ਰੁਪਏ ਤੋਂ ਵੱਧ ਨਾ ਹੋਵੇ।
2) ਪੂਰਵਲੀ ਪ੍ਰੀਖਿਆ ਵਿੱਚ ਘੱਟ ਤੋਂ ਘੱਟ 50% ਨੰਬਰ ਪ੍ਰਾਪਤ ਵਿਦਿਆਰਥੀ ਨੂੰ ਹੀ ਸਕਾਲਰਸ਼ਿਪ ਮਿਲੇਗਾ ।
3) ਰਿਨਿਊ ਸਕਾਲਰਸ਼ਿਪ ਪਿਛਲੇ ਸਾਲ ਦੀ ਪ੍ਰੀਖਿਆ ਵਿਚ ਘੱਟੋ ਘੱਟ 50% ਪ੍ਰਾਪਤ ਕਰਨ 'ਤੇ ਮਿਲੇਗਾ ।
4) ਇਸ ਸਕੀਮ ਅਧੀਨ ਸਕਾਲਰਸ਼ਿਪ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਦੀ ਕਿਸੇ ਵੀ ਹੋਰ ਸਕੀਮ ਅਧੀਨ ਅਜਿਹਾ ਲਾਭ ਪ੍ਰਾਪਤ ਨਹੀਂ ਕਰੇਗਾ
5) ਪੰਜਾਬ ਰਾਜ ਦੇ ਵਸਨੀਕ ਵਿਦਿਆਰਥੀ ਨੂੰ ਪੰਜਾਬ ਰਾਜ ਦੇ ਕੋਟੇ ਦੇ ਸਨਮੁੱਖ ਲਾਭ ਮਿਲੇਗਾ, ਉਹ ਭਾਵੇਂ ਕਿਤੇ ਵੀ ਪੜ੍ਹ ਰਿਹਾ ਹੋਵੇ।
6) ਰਿਨਿਊਲ ਸਬੰਧੀ ਉਹੀ ਵਿਦਿਆਰਥੀ ਹੱਕਦਾਰ ਹੋਣਗੇ। ਜਿਨ੍ਹਾਂ ਨੂੰ ਪੂਰਵਲੇ ਇਮਿਤਹਾਨ ਚੋਂ 50% ਨੰਬਰ ਹਾਸਿਲ ਕੀਤੇ ਹੋਣ ।
7) ਆਮਦਨ ਸਰਟੀਫਿਕੇਟ ਸਬੰਧੀ ਸਵੈ-ਰੁਜ਼ਗਾਰ ਮਾਪੇ/ਸਰਪ੍ਰਸਤ ਆਮਦਨ ਸਬੰਧੀ ਨਾਨ-ਜੁਡੀਸ਼ੀਅਲ ਸਟੈਂਪ ਪੇਪਰ 'ਤੇ ਬਿਆਨ ਹਲਫੀਆ ਦੀ ਸ਼ਕਲ ਵਿਚ ਸੈਲਫ ਸਰਟੀਫਿਕੇਟ ਦੇ ਸਕਦਾ ਹੈ । ਨੌਕਰੀ ਕਰਨ ਵਾਲੇ ਮਾਪੇ/ਸਰਪ੍ਰਸਤ ਨਿਯੁਕਤੀ ਕਰਤਾ ਅਧਿਕਾਰੀ ਵਲੋਂ ਜਾਰੀ ਕੀਤਾ ਆਮਦਨ ਸਰਟੀਫਿਕੇਟ ਪੇਸ਼ ਕਰਨਗੇ ।

## ਫਰੈਸ਼ (ਨਵੇਂ)/ਰਿਨਿਊਆਲ ਦਰਖਾਸਤਾਂ ਸਬੰਧੀ ਸਮਾਂ-ਸੀਮਾ :

ਫਰੈਸ਼ (ਨਵੇਂ) ਵਿਦਿਆਰਥੀਆਂ ਵੱਲੋਂ ਸਕੂਲ/ਕਾਲਜਾਂ/ਸੰਸਥਾਵਾਂ ਨੂੰ ਸਕਾਲਰਸ਼ਿਪ ਲਈ ਆਨ-ਲਾਈਨ ਦਰਖਾਸਤਾਂ ਭੇਜਣ ਦੀ ਆਖਰੀ ਮਿਤੀ ਅਤੇ ਰਿਨਿਊਲ ਸਕਾਲਰਸ਼ਿਪ ਦੇ ਵਿਦਿਆਰਥੀਆਂ ਲਈ ਆਖਰੀ ਮਿਤੀ ਸਬੰਧੀ ਨੋਟਿਸ ਬੋਰਡ ਤੇ ਮਿਤੀਆਂ ਸਬੰਧੀ ਜਾਣਕਾਰੀ ਦਾ ਨੋਟਿਸ ਲਗਾ ਦਿੱਤਾ ਜਾਵੇਗਾ । ਵਿਦਿਆਰਥੀ ਨੋਟਿਸ ਬੋਰਡ ਵਾਚਦੇ ਰਹਿਣ।

**ਅਪਲਾਈ ਕਰਨ ਦੀ ਵਿਧੀ**

ੳ) ਯੋਗ ਵਿਦਿਆਰਥੀ ਵੈਬ-ਸਾਈਟ www.scholarships.gov.in 'ਤੇ ਆਨ ਲਾਈਨ ਅਪਲਾਈ ਕਰ ਸਕਦੇ ਹਨ। ਵਿਦਿਆਰਥੀ ਆਪਣੇ ਸਕੂਲ/ਕਾਲਜ/ਸੰਸਥਾ ਨੂੰ ਆਨ ਲਾਈਨ ਦਰਖਾਸਤ ਭੇਜਣਗੇ ਅਤੇ ਫ੍ਰੈਸ਼ ਵਿਦਿਆਰਥੀ ਉਸ ਦਾ ਪ੍ਰਿੰਟ ਲੈਣਗੇ। ਇਹ ਪ੍ਰਿੰਟ ਸਮੇਤ ਲੋੜੀਂਦੇ ਦਸਤਾਵੇਜ਼ (ਜਿਵੇਂ ਪ੍ਰਿੰਟ ਆਊਟ ਵਿਚ ਦਰਜ ਹੈ) ਸਬੰਧਤ ਸੰਸਥਾ ਨੂੰ ਭੇਜੇ ਜਾਣੇ। ਵਿਦਿਆਰਥੀ ਨੂੰ ਟੈਂਪਰੇਰੀ ਆਈ.ਡੀ. ਮਿਲੇਗੀ, ਜਿਸ ਨੂੰ ਉਹ ਭਵਿੱਖ ਵਿੱਚ ਲਿਖਾ-ਪੜ੍ਹੀ ਕਰਨ ਲਈ ਆਪਣੇ ਪਾਸ ਰੱਖੇਗਾ। ਰਿਨਿਊਲ ਵਾਲੇ ਵਿਦਿਆਰਥੀ ਦਰਖਾਸਤ ਦੇਣ ਸਮੇਂ ਲੋੜੀਂਦੇ ਦਸਤਾਵੇਜ਼ ਅਪ-ਲੋਡ ਕਰਨਗੇ।

ਅ) ਸਬੰਧਤ ਸਕੂਲ/ਕਾਲਜ/ਸੰਸਥਾ ਦਰਖਾਸਤਾਂ ਨੂੰ ਸਕਰੂਟਿਨੀ ਕਰਕੇ ਉਸ ਹੀ ਵੈਬ ਸਾਈਟ ਦੇ ਲਾਗ-ਇਨ ਵਿੱਚ ਉਸਨੂੰ ਦਿੱਤੇ ਹੋਏ ਯੂਜ਼ਰ ਆਈ.ਡੀ. ਅਤੇ ਪਾਸਵਰਡ (ਜੋ ਉਸ ਨੂੰ ਭਲਾਈ ਵਿਭਾਗ ਵੱਲੋਂ ਪਹਿਲਾਂ ਹੀ ਦਿੱਤਾ ਹੋਇਆ ਹੈ) ਨਾਲ ਨਵੀਆਂ ਦਰਖਾਸਤਾਂ ਅਤੇ ਰਿਨਿਊਲ ਦਰਖਾਸਤਾਂ ਆਨ ਲਾਈਨ ਭੇਜੇਗਾ

ਨੋਟ : 1) ਵਿਦਿਆਰਥੀਆਂ/ਸੰਸਥਾਵਾਂ ਨੂੰ ਐਫ.ਏ.ਕਿਊਜ਼ ਅਤੇ ਸੰਸਥਾਵਾਂ ਲਈ ਸੂਚਨਾ ਜੋ ਕਿ ਵੈਬ ਸਾਈਟ ਦੇ ਹੋਮ ਪੇਜ 'ਤੇ ਉਪਲਬੱਧ ਹੈ, ਨੂੰ ਆਨ-ਲਾਈਨ ਅਪਲਾਈ ਕਰਨ ਅਤੇ ਸੰਸਥਾ ਵੱਲੋਂ ਸਕਰੂਟਿਨੀ ਕਰਨ ਸਮੇਂ ਧਿਆਨ ਨਾਲ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ।

2)ਸੰਸਥਾਵਾਂ ਇਹ ਯਕੀਨੀ ਬਣਾਉਣਗੀਆਂ ਕਿ ਉਹ ਆਨ-ਲਾਈਨ ਦਰਖਾਸਤਾਂ ਹੀ ਭਲਾਈ ਵਿਭਾਗ ਨੂੰ ਫਾਰਵਰਡ ਕੀਤੀਆਂ ਹਨ, ਜਿਨ੍ਹਾਂ ਨੂੰ ਵਿਦਿਆਰਥੀਆਂ ਵਲੋਂ ਦਸਤਾਵੇਜ਼ਾਂ ਦੀਆਂ ਕਾਪੀਆਂ ਸਮੇਤ ਤਸਦੀਕ ਕੀਤਾ ਹੋਇਆ ਹੈ।

3) ਭਲਾਈ ਵਿਭਾਗ ਨੂੰ ਨਿਸ਼ਚਿਤ ਸਮੇਂ ਦੇ ਅੰਦਰ ਜੇਕਰ ਹਾਰਡ ਕਾਪੀਆਂ ਪ੍ਰਾਪਤ ਨਹੀਂ ਹੁੰਦੀਆਂ ਤਾਂ ਆਨ-ਲਾਈਨ ਪ੍ਰਾਪਤ ਹੋਈਆਂ ਦਰਖਾਸਤਾਂ ਰਿਜੈਕਟ ਕਰ ਦਿੱਤੀਆਂ ਜਾਣਗੀਆਂ ।

4) ਮੈਨੂਅਲ ਦਰਖਾਸਤਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਨੋਟ: ਵਧੇਰੇ ਜਾਣਕਾਰੀ ਅਤੇ ਐਪਲੀਕੇਸ਼ਨ ਫਾਰਮ ਡਾਊਨ ਲੋਡ ਕਰਨ ਵਾਸਤੇ : ਕਿਊਰੀਜ਼/ਕਲੈਰੀਫਿਕੇਸ਼ਨ ਲਈ ਵੈਬ ਸਾਈਟ **www.minorityaffairs.gov.in** ਤੇ ਨਵੀਆਂ ਰਜਿਸਟ੍ਰੇਸ਼ਨਜ਼ ਲਈ ਈ-ਮੇਲ ਆਈਡੀ **minorityaffairspunjab@gmail.com** ਜਾਂ ਟੋਲ ਫਰੀ ਨੰ: 1800-137-0015 ਤੇ ਸੰਪਰਕ ਕੀਤਾ ਜਾ ਸਕਦਾ ਹੈ।

## 3) ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਪੰਜੀਕ੍ਰਿਤ ਲਾਭਪਾਤਰੀਆਂ ਦੇ ਬੱਚਿਆਂ ਲਈ ਵਜ਼ੀਫਾ ਸਕੀਮ

ਹਵਾਲਾ ਪੱਤਰ ਨੰ: ਬਕਵਵਸ/ਭਲਾਈ ਸਕੀਮ/ਵਜ਼ੀਫੇ 2015/6003-6006 (ਮਿਤੀ 26-10-2015)

ਇਸ ਸਕੀਮ ਤਹਿਤ ਉਪਰੋਕਤ ਬੋਰਡ ਦੇ ਰਜਿਸਟਰਡ ਲਾਭਪਾਤਰੀਆਂ ਦੇ ਬੱਚਿਆਂ ਨੂੰ ਉਚੱ ਵਿੱਦਿਆ ਹਾਸਲ ਕਰਨ ਲਈ ਵਜ਼ੀਫਾ ਦਿੱਤਾ ਜਾਂਦਾ ਹੈ। ਜਿਸ ਵਿੱਚ ਵਜ਼ੀਫਾ, ਵਰਦੀ ਭੱਤਾ, ਕਿਤਾਬਾਂ ਅਤੇ ਸਟੇਸ਼ਨਰੀ ਭੱਤੇ ਸ਼ਾਮਲ ਹਨ। ਇਸ ਸਕੀਮ ਤਹਿਤ ਲੋੜੀਂਦੇ ਦਸਤਾਵੇਜ਼ ਮੁਕੰਮਲ ਰੂਪ ਵਿਚ ਤਿਆਰ ਕਰਕੇ ਸਬੰਧਿਤ ਵਿੱਦਿਅਕ ਸੰਸਥਾਂ ਪਾਸੋਂ ਤਸਦੀਕ ਕਰਵਾ ਕੇ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ਕਿਰਤ ਸਲਾਹ ਅਫਸਰ/ਕਿਰਤ ਇੰਸਪੈਕਟਰ ਦੇ ਦਫਤਰ ਵਿਚ ਦੇਣੀ ਹੁੰਦੀ ਹੈ।, ਦਰਖਾਸਤ ਯੋਗ ਪਾਏ ਜਾਣ ਤੇ ਵਜ਼ੀਫੇ ਦੀ ਰਕਮ ਮੰਨਜ਼ੂਰ ਕਰਕੇ ਲਾਭਪਾਤਰੀ ਦੇ ਬੈਂਕ ਖਾਤੇ ਵਿਚ ਜਮ੍ਹਾ ਹੋ ਜਾਂਦੀ ਹੈ। ਜੇਕਰ ਲਾਭਪਾਤਰੀ ਦੇ ਬੱਚਿਆਂ ਨੂੰ ਵਜ਼ੀਫਾ ਸਕੀਮ ਅਧੀਨ ਕਿਸੇ ਹੋਰ ਸੰਸਥਾ/ਵਿਭਾਗ ਤੋਂ ਲਾਭ ਮਿਲ ਰਿਹਾ ਹੈ ਤਾਂ ਵੀ ਉਸਨੂੰ ਬੋਰਡ ਵੱਲੋਂ ਇਸ ਸਕੀਮ ਦਾ ਪੂਰਾ ਲਾਭ ਦਿੱਤਾ ਜਾਵੇਗਾ । ਇਸ ਵਜ਼ੀਫੇ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਵਜ਼ੀਫਾ ਕਲਰਕ ਨਾਲ ਸੰਪਰਕ ਕੀਤਾ ਜਾਵੇ ।

## ਵਜ਼ੀਫਿਆਂ ਸਬੰਧੀ ਜਰੂਰੀ ਨੋਟ

ਸਮੂਹ ਵਿਦਿਆਰਥੀ ਜਾਣਕਾਰੀ ਹਿੱਤ ਨੋਟ ਕਰਨ ਕਿ ਪੰਜਾਬ ਸਰਕਾਰ/ਭਾਰਤ ਸਰਕਾਰ ਵੱਲੋਂ ਸਮੇਂ ਸਮੇਂ ਤੇ ਵਜ਼ੀਫੇ ਦੇਣ ਸਬੰਧੀ ਕਾਲਜ ਦਫਤਰ ਵਿਚ ਜਿਵੇਂ ਹੀ ਕੋਈ ਪੱਤਰ ਪ੍ਰਾਪਤ ਹੁੰਦਾ ਹੈ, ਉਸ ਨੂੰ ਬੋਰਡ ਤੇ ਨੋਟਿਸ ਲਗਾਇਆ ਜਾਂਦਾ ਹੈ। ਵਿਦਿਆਰਥੀ ਨੋਟਿਸ ਬੋਰਡ ਵਾਚਦੇ ਰਹਿਣ ਅਤੇ ਵਜ਼ੀਫਾ ਕਲਰਕ/ਵਜ਼ੀਫਾ ਕਮੇਟੀ ਨਾਲ ਸੰਪਰਕ ਕਰਕੇ ਸਮੇਂ ਸਿਰ ਲੋੜੀਂਦੀ ਕਾਰਵਾਈ ਕਰਕੇ ਵਜ਼ੀਫਾ ਪ੍ਰਾਪਤ ਕਰ ਸਕਦੇ ਹਨ। ਮੌਜੂਦਾ ਸੈਸ਼ਨ ਦੇ ਲਈ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ, ਘੱਟ ਗਿਣਤੀ ਵਰਗ ਦੀ ਸਕਾਲਰਸ਼ਿਪ ਸਕੀਮ ਅਤੇ ਹੋਰ ਵਜ਼ੀਫਿਆਂ ਲਈ ਅਪਲਾਈ ਕਰਨ ਦੀਆਂ ਮਿਤੀਆਂ ਸਬੰਧੀ ਦਫਤਰ ਵਿੱਚੋਂ ਪ੍ਰਾਪਤ ਪੱਤਰ/ਜਾਣਕਾਰੀ ਤੁਰੰਤ ਨੋਟਿਸ ਬੋਰਡ ਤੇ ਲਗਾਈ ਜਾਵੇਗੀ । ਵਿਦਿਆਰਥੀ ਨੋਟਿਸ ਬੋਰਡ ਵਾਚਦੇ ਰਹਿਣ।



Scanned with CamScanner

# ਇਨਾਮ ਅਤੇ ਸਨਮਾਨ ਦੇਣ ਦੇ ਨਿਯਮ

1) ਵਿਦਿਅਕ ਸੱਭਿਆਚਾਰਕ ਅਤੇ ਖੇਡ ਗਤੀਵਿਧੀਆਂ ਵਿੱਚ ਸ੍ਰੇਸ਼ਠ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਕਾਲਜ ਦੇ ਸਲਾਨਾ ਇਨਾਮ ਵੰਡ ਸਮਾਰੋਹ ਦੇ ਮੌਕੇ ਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ।

2) ਘਰੇਲੂ ਪ੍ਰੀਖਿਆਵਾਂ ਵਿੱਚ ਸ੍ਰੇਸ਼ਠ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਵੱਖ ਵੱਖ ਵਿਸ਼ਿਆਂ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਇਨਾਮ ਦਿੱਤੇ ਜਾਂਦੇ ਹਨ ।

3) ਹਰੇਕ ਵਿਸ਼ੇ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਦਿੱਤੇ ਇਨਾਮਾਂ ਤੋਂ ਇਲਾਵਾ ਹਰ ਕਲਾਸ ਵਿੱਚ ਪ੍ਰਾਪਤ ਕੁੱਲ ਅੰਕਾਂ ਦੇ ਆਧਾਰ 'ਤੇ ਵੀ ਇਨਾਮ ਦਿੱਤੇ ਜਾਂਦੇ ਹਨ ।

4) ਘਰੇਲੂ ਇਮਤਿਹਾਨਾਂ ਤੋਂ ਇਲਾਵਾ ਯੂਨੀਵਰਸਿਟੀ ਇਮਤਿਹਾਨਾਂ ਵਿੱਚ ਪ੍ਰਾਪਤ ਕੁੱਲ ਅੰਕਾਂ ਦੇ ਆਧਾਰ 'ਤੇ ਵੀ ਕਾਲਜ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ ।

5) ਕਿਸੇ ਹੋਰ ਖੇਤਰ ਵਿੱਚ ਵੀ ਖਾਸ ਪੱਧਰ ਦੀ ਪ੍ਰਾਪਤੀ ਹੋਣ ਤੇ ਵਿਸ਼ੇਸ਼ ਇਨਾਮ ਲਈ ਵਿਚਾਰਿਆ ਜਾ ਸਕਦਾ ਹੈ।

6) ਉਪਰੋਕਤ ਇਨਾਮਾਂ ਦਾ ਫੈਸਲਾ ਸੀਨੀਅਰ ਸਟਾਫ ਮੈਂਬਰਜ਼ ਦੀ ਕਮੇਟੀ ਕਰਦੀ ਹੈ।

7) ਇਹ ਇਨਾਮ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਦਿੱਤੇ ਜਾਣਗੇ ਜਿਨ੍ਹਾਂ ਦੇ ਵਿਹਾਰ ਬਾਰੇ ਪੂਰੀ ਤਸੱਲੀ ਹੋਵੇਗੀ ਅਤੇ ਜੋ ਆਪਣੇ ਵਿਸ਼ੇ ਅਤੇ ਕਾਰਜ ਖੇਤਰ ਵਿੱਚ ਬਕਾਇਦਾ ਹਾਜ਼ਰੀ ਦਾ ਪ੍ਰਦਰਸ਼ਨ ਕਰਨਗੇ ।

8) ਰੋਲ ਆਫ ਆਨਰ ਦੇ ਨਾਲ ਵਿਦਿਆਰਥੀ ਨੂੰ ਕਾਲਜ ਕਲਰ ਵੀ ਦਿੱਤਾ ਜਾਂਦਾ ਹੈ। ਜੇ ਉਸਨੂੰ ਕਾਲਜ ਕਲਰ ਪ੍ਰਾਪਤ ਨਾ ਹੋਇਆ ਹੋਵੇ । ਦੂਜੀ ਵਾਰ ਕਿਸੇ ਵਿਦਿਆਰਥੀ ਨੂੰ ਰੋਲ ਆਫ ਆਨਰ ਤਾਂ ਹੀ ਪ੍ਰਦਾਨ ਕੀਤਾ ਜਾ ਸਕਦਾ ਹੈ ਜੇਕਰ ਉਸਨੇ ਅਕਾਦਮਿਕ ਖੇਤਰ ਵਿੱਚ, ਖੇਡਾਂ ਦੇ ਵੱਖਰੇ ਖੇਤਰ ਜਾਂ ਸਹਿ-ਵਿਦਿਅਕ ਖੇਤਰ ਵਿੱਚ ਕੋਈ ਪ੍ਰਾਪਤੀ ਕੀਤੀ ਹੋਵੇ ।

## ਵਿਦਿਅਕ ਖੇਤਰ ਵਿੱਚ ਰੋਲ ਆਫ਼ ਆਨਰ, ਕਾਲਜ ਕਲਰ ਮੈਰਿਟ ਸਰਟੀਫਿਕੇਟ ਸਬੰਧੀ ਨਿਯਮ :

ੳ) ਰੋਲ ਆਫ ਆਨਰ : ਇਸ ਖੇਤਰ ਰੋਲ ਆਫ ਆਨਰ ਉਸ ਵਿਦਿਆਰਥੀ ਨੂੰ ਮਿਲੇਗਾ ਜਿਸਨੇ ਯੂਨੀਵਰਸਿਟੀ ਦੇ ਆਖਰੀ ਸਾਲ ਵਿੱਚ ਯੂਨੀਵਰਸਿਟੀ ਦੀ ਸਾਂਝੀ ਮੈਰਿਟ ਲਿਸਟ ਦੇ ਤਿੰਨ ਸਥਾਨਾਂ ਵਿੱਚੋਂ ਕੋਈ ਇੱਕ ਸਥਾਨ ਪ੍ਰਾਪਤ ਕੀਤਾ ਹੋਵੇ ।

ਅ) ਕਾਲਜ ਕਲਰ : ਯੂਨੀਵਰਸਿਟੀ ਪ੍ਰੀਖਿਆ ਵਿੱਚ ਮੈਰਿਟ ਲਿਸਟ ਵਿੱਚ ਕੋਈ ਵੀ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ।

## ਘਰੇਲੂ ਪ੍ਰੀਖਿਆਵਾਂ ਦੇ ਆਧਾਰ ਤੇ ਇਨਾਮ ਪ੍ਰਾਪਤ ਕਰਨ ਦੇ ਨਿਯਮ :

ੳ) ਹਰ ਸ੍ਰੇਣੀ ਵਿੱਚ ਪੰਜ ਮਜ਼ਬੂਨਾਂ ਦੇ ਨੰਬਰ ਜੋੜ ਕੇ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ ਸਭ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਣਗੇ । ਹਰ ਵਿਸ਼ੇ ਵਿੱਚੋਂ ਪਾਸ ਵਿਦਿਆਰਥੀ ਨੂੰ ਹੀ ਇਨਾਮ ਦਿੱਤਾ ਜਾਵੇਗਾ ।

ਅ) ਹਰ ਵਿਸ਼ੇ ਵਿੱਚ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਇਨਾਮ ਦੇ ਹੱਕਦਾਰ ਹੋਣਗੇ । ਇਨਾਮ ਪ੍ਰਾਪਤ ਕਰਨ ਵਾਲਿਆਂ ਵਿਦਿਆਰਥੀਆਂ ਦੇ ਅੰਕ ਘੱਟੋ ਘੱਟ 50% ਹੋਣੇ ਚਾਹੀਦੇ ਹਨ ।

ੲ) ਇੱਕ ਵਿਸ਼ੇ ਵਿੱਚ ਦੋ ਜਾਂ ਦੋ ਤੋਂ ਵੱਧ ਵਿਦਿਆਰਥੀਆਂ ਦੇ ਬਰਾਬਰ ਨੰਬਰ ਪ੍ਰਾਪਤ ਕਰਨ ਦੀ ਹਾਲਤ ਵਿਚ ਸਾਰੇ ਮਜ਼ਬੂਨਾਂ ਦੇ ਨੰਬਰਾਂ ਦੇ ਕੁੱਲ ਜੋੜ ਵਿੱਚ ਵੱਧ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਹੀ ਇਨਾਮ ਦਿੱਤਾ ਜਾਵੇਗਾ ।

ਸ) ਕਿਸੇ ਇੱਕ ਮਜ਼ਬੂਨ ਵਿੱਚ ਫੇਲ੍ਹ ਹੋਏ ਵਿਦਿਆਰਥੀ ਨੂੰ ਕੋਈ ਇਨਾਮ ਨਹੀਂ ਦਿੱਤਾ ਜਾਵੇਗਾ ।

ਹ) ਜੇ ਕਿਸੇ ਵਿਸ਼ੇ ਵਿੱਚ 10 ਜਾਂ 10 ਤੋਂ ਘੱਟ ਵਿਦਿਆਰਥੀ ਇਮਤਿਹਾਨ ਵਿੱਚ ਬੈਠਦੇ ਹਨ ਤਾਂ ਇੱਕ ਹੀ ਇਨਾਮ ਮਿਲੇਗਾ ।

ਕ) ਜੇ ਕਿਸੇ ਵਿਸ਼ੇ ਵਿੱਚ ਇੱਕ ਵਿਦਿਆਰਥੀ ਇਮਤਿਹਾਨ ਵਿੱਚ ਬੈਠਦੇ ਹਨ ਤਾਂ ਇੱਕ ਹੀ ਇਨਾਮ ਮਿਲੇਗਾ ।

ਖ) ਐਗਰੀਗੇਟ ਵਿੱਚ ਇਨਾਮ ਯੂਨੀਵਰਸਿਟੀ ਦੀ ਫੈਕਲਟੀਜ਼ ਅਨੁਸਾਰ ਹੋਵੇਗਾ ।

## ਖੇਡਾਂ ਦੇ ਖੇਤਰ ਵਿੱਚ ਰੋਲ ਆਫ਼ ਆਨਰ ਅਤੇ ਕਾਲਜ ਕਲਰ ਦੇਣ ਦੇ ਨਿਯਮ :

**ਰੋਲ ਆਫ਼ ਆਨਰ :**

1) ਨੈਸ਼ਨਲ ਖੇਡ ਮੁਕਾਬਲਿਆਂ ਵਿੱਚ ਵਿਅਕਤੀਗਤ ਖੇਡ ਵਿੱਚ ਪਹਿਲੀ ਜਾਂ ਦੂਜੀ ਪੁਜੀਸ਼ਨ ਲੈਣ ਵਾਲਾ ਖਿਡਾਰੀ ਜਾਂ ਨੈਸ਼ਨਲ ਪੱਧਰ ਤੇ ਹੋਣ ਵਾਲੇ ਟੀਮ ਖੇਡ ਮੁਕਾਬਲਿਆਂ ਵਿੱਚ ਪਹਿਲੇ ਜਾਂ ਦੂਜੇ ਨੰਬਰ ਤੇ ਆਉਣ ਵਾਲੀ ਟੀਮ ਦਾ ਮੈਂਬਰ ਖਿਡਾਰੀ ।

2) ਅੰਤਰ-ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਵਿਅਕਤੀਗਤ ਖੇਡ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਖਿਡਾਰੀ ਜਾਂ ਜੇਤੂ ਟੀਮ ਦਾ ਮੈਂਬਰ ਖਿਡਾਰੀ ।

3) ਇੰਟਰਨੈਸ਼ਨਲ ਜਾਂ ਯੂਨੀਵਰਸਿਟੀ (ਅੰਤਰ-ਯੂਨੀਵਰਸਿਟੀ) ਮੁਕਾਬਲੇ ਲਈ ਕਿਸੇ ਟੀਮ ਦਾ ਮੈਂਬਰ ਜਾਂ ਵਿਅਕਤੀਗਤ ਖਿਡਾਰੀ ।

4) ਸਟੇਟ (ਸੀਨੀਅਰ) ਜਾਂ ਯੂਨੀਵਰਸਿਟੀ ਟੀਮ ਦਾ ਕਪਤਾਨ । ਸ਼ਰਤ ਇਹ ਹੈ ਕਿ ਉਸਨੇ ਕਾਲਜ ਵੱਲੋਂ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ ਜਾਂ ਉਸ ਨੂੰ ਕਾਲਜ ਵੱਲੋਂ ਭੇਜਿਆ ਗਿਆ ਹੋਵੇ ।

5) ਯੂਨੀਵਰਸਿਟੀ ਜਾਂ ਸਟੇਟ ਸੀਨੀਅਰ ਚੈਂਪੀਅਨਸ਼ਿਪ ਵਿੱਚ ਨਵਾਂ ਰਿਕਾਰਡ ਸਥਾਪਿਤ ਕਰਨ ਵਾਲਾ ਖਿਡਾਰੀ ।

6) ਲਗਾਤਾਰ ਤਿੰਨ ਵਾਰ ਸਰਵੋਤਮ ਖਿਡਾਰੀ ਨੂੰ Role of Honour ਦਿੱਤਾ ਜਾਵੇਗਾ ।

ਨੋਟ : ਕੇਵਲ ਉਹਨਾਂ ਹੀ ਖੇਡ ਮੁਕਾਬਲਿਆਂ ਨੂੰ ਮਾਨਤਾ ਦਿੱਤੀ ਜਾਵੇਗੀ ਜਿਹੜੇ ਯੂਨੀਵਰਸਿਟੀ/ਪੰਜਾਬ ਸਰਕਾਰ ਵੱਲੋਂ ਪ੍ਰਵਾਨਿਤ ਹੋਣਗੇ ਅਤੇ ਕਾਲਜ ਵੱਲੋਂ ਪ੍ਰਵਾਨਗੀ ਲੈ ਕੇ ਪ੍ਰਤਿਨਿਧਤਾ ਕੀਤੀ ਹੋਵੇ । ਇਸ ਤੋਂ ਉਪਰੰਤ ਖਿਡਾਰੀ ਅੰਤਰ ਕਾਲਜ ਵੀ ਖੇਡਿਆ ਹੋਣਾ ਜ਼ਰੂਰੀ ਹੈ।



Scanned with CamScanner

## ਕਾਲਜ ਕਲਰ :

1) ਪੰਜਾਬ ਰਾਜ ਜਾਂ ਪੰਜਾਬ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਨ ਵਾਲਾ ਖਿਡਾਰੀ ।

2) ਯੂਨੀਵਰਸਿਟੀ ਪੱਧਰ ਤੇ ਖੇਡਾਂ ਵਿਚ ਵਿਅਕਤੀਗਤ ਖੇਡ ਵਿਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਜਾਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਖਿਡਾਰੀ ।

3) ਸਟੇਟ ਚੈਂਪੀਅਨਸ਼ਿਪ (ਸੀਨੀਅਰ) ਵਿਚ ਵਿਅਕਤੀਗਤ ਖੇਡ ਵਿਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀ ਜਾਂ ਸਟੇਟ ਚੈਂਪੀਅਨਸ਼ਿਪ ਜੇਤੂ ਟੀਮ ਦਾ ਮੈਂਬਰ । ਖਿਡਾਰੀ ਦਾ ਕਾਲਜ ਵੱਲੋਂ ਖੇਡਿਆ ਜਾਣਾ ਜਰੂਰੀ ਹੈ।

## ਐਨ. ਐਸ. ਐਸ. (ਕੌਮੀ ਸੇਵਾ ਯੋਜਨਾ) ਵਿੱਚ ਪ੍ਰਾਪਤੀਆਂ ਦੇ ਆਧਾਰ ਤੇ ਸਨਮਾਨ :

ੳ) ਰੋਲ ਆਫ ਆਨਰ

1.) ਜਿਹੜਾ ਵਲੰਟੀਅਰ ਅੰਤਰਸਟੇਟ/ਸਰਬ-ਹਿੰਦ/ਆਲ ਇੰਡੀਆ ਅੰਤਰ-ਯੂਨੀਵਰਸਿਟੀ ਮੁਕਾਬਲੇ ਵਿਚ ਸਮੁੱਚੇ ਤੌਰ ਤੇ ਖੂਨਦਾਨ, ਪ੍ਰੋਜੈਕਟ ਵਰਕ, ਡਿਬੇਟ, ਭਾਸ਼ਨ, ਅਨੁਸਾਸ਼ਨ ਆਦਿ ਨੂੰ ਜੋੜ ਕੇ ਪਹਿਲਾ/ਦੂਜਾ ਸਥਾਨ ਪ੍ਰਾਪਤ ਕਰਦਾ ਹੈ ਜਾਂ ਸਮੁਚੇ ਤੌਰ ਤੇ ਬੈਸਟ ਕੈਂਪਰ ਐਲਾਨਿਆ ਜਾਂਦਾ ਹੈ।

ਜਾਂ

2 ਰਾਸ਼ਟਰੀ ਗਣਤੰਤਰ ਦਿਵਸ (ਦਿੱਲੀ) ਵਿੱਚ ਭਾਗ ਲੈਣ ਵਾਲੇ ਪ੍ਰਤਿਯੋਗੀ ।

ਅ) ਕਾਲਜ ਕਲਰ

1. ਯੂਨੀਵਰਸਿਟੀ ਪੱਧਰ ਤੇ ਮੈਡਲ ਜਿੱਤਣ ਵਾਲੇ ਨੂੰ ਐਨ.ਐਸ. ਐਸ. ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਕਾਲਜ ਅਤੇ ਯੂਨੀਵਰਸਿਟੀ ਪੱਧਰ ਤੇ ਉਚ ਪ੍ਰਾਪਤੀਆਂ ਕੀਤੀਆਂ ਹੋਣ ।

ਜਾਂ

2. ਅੰਤਰ-ਰਾਜ/ਅੰਤਰ-ਵਰਸਿਟੀ/ਸਰਬ-ਹਿੰਦ ਕੈਂਪ ਮੁਕਾਬਲਿਆਂ ਵਿਚ ਯੂਨੀਵਰਸਿਟੀ/ਸਟੇਟ ਦੀ ਪ੍ਰਤੀਨਿਧਤਾ ਕਰਦੇ ਹੋਏ ਸਮੁੱਚੇ ਤੌਰ ਤੇ ਘੱਟੋ ਘੱਟ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ । ਜਾਂ

3. ਯੂਨੀਵਰਸਿਟੀ ਵੱਲੋਂ ਆਯੋਜਿਤ ਅੰਤਰ ਕਾਲਜ ਕੈਂਪ ਵਿਚ ਸਮੁੱਚੇ ਤੌਰ ਤੇ ਪਹਿਲਾ ਸਥਾਨ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਜਾਂ ਬੈਸਟ ਕੈਂਪਰ ਘੋਸ਼ਿਤ ਹੋਣ ਵਾਲੇ ਨੂੰ ਜਾਂ

4. ਹਰ ਯੂਨਿਟ ਦੇ ਉਹਨਾਂ ਦੇ ਸਰਵੋਤਮ ਵਲੰਟੀਅਰਾਂ (ਵਿਦਿਆਰਥਣਾਂ ਬਾਕੀ ਯੂਨਿਟਾਂ ਵਿੱਚੋਂ ਹਰ ਇਕ ਵਿੱਚੋਂ ਇਕ ਵਿਦਿਆਰਥਣ ਅਤੇ ਇਕ ਵਿਦਿਆਰਥੀ ਵਲੰਟੀਅਰ) ਨੂੰ ਜਿਨ੍ਹਾਂ ਦੀ ਸਿਫਾਰਿਸ਼ ਸਬੰਧਤ ਪ੍ਰੋਗਰਾਮ ਅਫਸਰ ਵੱਲੋਂ ਇਕ ਰੋਜ਼ਾ ਕੈਂਪ/ਦਸ ਰੋਜ਼ਾ ਕੈਂਪ/ਅੰਤਰ ਕਾਲਜ ਕੈਂਪ/ਬਾਲਗ ਸਿੱਖਿਆ ਕੇਂਦਰ/ਪ੍ਰੋਜੈਕਟ ਵਰਕ/ਰਿਲੀਫ ਕੁਲੈਕਸ਼ਨ/ਖੂਨਦਾਨ/ਕੈਟਾਗਿਰੀ ਸਰਟੀਫਿਕੇਟ/ਸੱਭਿਆਚਾਰਕ ਸਰਗਰਮੀਆਂ/ਕੈਂਪ ਦੀਆਂ ਖੇਡਾਂ ਆਦਿ ਦੇ ਆਧਾਰ ਤੇ ਵਲੰਟੀਅਰ ਦੀ ਸਮੁੱਚੀ ਕਾਰਗੁਜਾਰੀ ਨੂੰ ਵੇਖਦੇ ਹੋਈ ਕੀਤੀ ਹੋਵੇ ।

## ਸਭਿਆਚਾਰ ਖੇਤਰ ਵਿੱਚ ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਲੈਣ ਦਾ ਨਿਯਮ :

ਉਹ ਵਿਅਕਤੀ ਰੋਲ ਆਫ ਆਨਰ ਦਾ ਹੱਕਦਾਰ ਹੋਵੇਗਾ ਜੋ ਹੇਠ ਲਿਖੇ ਅਨੁਸਾਰ ਕੁੱਲ ਮਿਲਾ ਕੇ 35 ਅੰਕ ਪ੍ਰਾਪਤ ਕਰੇਗਾ । ਜੋ ਕੁੱਲ 25 ਅੰਕ ਪ੍ਰਾਪਤ ਉਸਨੂੰ ਕਾਲਜ ਕਲਰ ਪ੍ਰਦਾਨ ਕੀਤਾ ਜਾਵੇਗਾ ।
ਇਹ ਅੰਕ ਅੰਤਰ ਕਾਲਜ ਮੁਕਾਬਲੇ ਜਿਨ੍ਹਾਂ ਵਿਚ ਯੂਨੀਵਰਸਿਟੀ ਦੇ

ਪਹਿਲਾ ਇਨਾਮ = 5 ਦੂਸਰਾ ਇਨਾਮ = 3 ਅੰਕ ਤੀਸਰਾ ਇਨਾਮ = 2 ਅੰਕ ਟਰਾਫੀ = 5 ਅੰਕ

ੳ) ਰੋਲ ਆਫ ਆਨਰ :

1) ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਦੇ ਹੋਏ ਅੰਤਰ ਸਟੇਟ/ਸਰਬ ਹਿੰਦ ਮੁਕਾਬਲਿਆਂ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ।

2) ਅੰਤਰ-ਯੂਨੀਵਰਸਿਟੀ ਯੁਵਕ ਮੇਲੇ ਵਿਚ ਅੱਵਲ ਰਹਿਣ ਵਾਲੇ ਨੂੰ ।

3) ਅੰਤਰ-ਯੂਨੀਵਰਸਿਟੀ/ਅੰਤਰ ਸਟੇਟ/ਸਰਬ ਹਿੰਦਵ ਮੁਕਾਬਲਿਆਂ ਵਿਚ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਦੇ ਹੋਏ ਤੀਸਰਾ, ਚੌਥਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ।

ਅ) ਕਾਲਜ ਕਲਰ :

ੳ) ਜ਼ੋਨਲ ਮੁਕਾਬਲੇ ਵਿਚ ਦੂਸਰਾ ਸਥਾਨ -------- 25%

ਅ) ਜ਼ੋਨਲ ਮੁਕਾਬਲੇ ਵਿਚ ਪਹਿਲਾ ਸਥਾਨ ------- 50%

ੲ) ਅੰਤਰ-ਜ਼ੋਨਲ/ਯੂਨਵਿਰਸਿਟੀ ਮੁਕਾਬਲੇ ਵਿਚ ਦੂਜੇ ਸਥਾਨ------ 75%

ਸ) ਅੰਤਰ-ਜ਼ੋਨਲ/ਯੂਨਵਿਰਸਿਟੀ ਮੁਕਾਬਲੇ ਵਿਚ ਦੂਜੇ ਸਥਾਨ----- 100%

ਨੋਟ : ਉਪਰੋਕਤ % ਦਰ ਕੇਵਲ ਉਨ੍ਹਾਂ ਕਲਾਕਾਰਾਂ ਲਈ ਹੈ ਜੋ ਸੱਚਮੁੱਚ ਸਟੇਜ ਤੇ ਆਪਣੀ ਕਲਾ ਦੀ ਪ੍ਰਦਰਸ਼ਨੀ ਕਰਦੇ ਹਨ।(ਸਹਿਯੋਗੀਆਂ ਨੂੰ ਇਸਦਾ ਲਾਭ ਨਹੀਂ ਹੋਵੇਗਾ )

1. ਇਨਾਮਾਂ ਦਾ ਆਧਾਰ ਵਿਚਾਰ ਅਧੀਨ ਗਤੀਵਿਧੀ ਵਿਚ ਸਮੁੱਚੀ ਕਿਰਤ ਹੋਵੇਗੀ ਨਾ ਕਿ ਗਤੀਵਿਧੀ ਦਾ ਇਕ ਹਿੱਸਾ ।

2. ਕਿਸੇ ਇਕ ਰੁਝੇਵੇਂ /ਖੇਤਰ ਲਈ ਦੁਬਾਰਾ ਉਹੀ ਇਨਾਮ ਨਹੀਂ ਦਿੱਤਾ ਜਾਵੇਗਾ ।

3. ਸੰਬੰਧਿਤ ਇੰਚਾਰਜ ਦੀ ਸਿਫਾਰਿਸ਼ ਅਤੇ ਪ੍ਰਿੰਸੀਪਲ ਸਾਹਿਬ ਦੀ ਪ੍ਰਵਾਨਗੀ ਤੇ ਸੱਭਿਆਚਾਰਕ ਸਰਗਰਮੀਆਂ ਅਤੇ ਦੂਸਰੀਆਂ ਗਤੀਵਿਧੀਆਂ ਵਿਚ ਮੈਰਿਟ ਸਰਟੀਫਿਕੇਟ ਦਿੱਤੇ ਜਾ ਸਕਦੇ ਹਨ ।

## ਰੈੱਡ ਕਰਾਸ ਸੁਸਾਇਟੀ ਲਈ ਰੋਲ ਆਫ਼ ਆਨਰ ਅਤੇ ਕਾਲਜ ਕਲਰ ਲਈ ਨਿਯਮ :

ੳ) ਰੋਲ ਆਫ ਆਨਰ : ਅੰਤਰਵਰਸਿਟੀ/ਅੰਤਰ ਰਾਜ ਮੁਕਾਬਲਿਆਂ ਵਿੱਚੋਂ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਲੰਟੀਅਰਾਂ ਨੂੰ ।

ਅ) ਕਾਲਜ ਕਲਰ : ਅੰਤਰ ਕਾਰਜ/ਯੂਨੀਵਰਸਿਟੀ ਮੁਕਾਬਲਿਆਂ ਦੇ ਪਹਿਲਾ, ਦੂਜਾ ਜਾਂ ਤੀਜਾ ਸਥਾਨ ਹਾਸਲ ਕਰਨ ਵਾਲੇ ਵਲੰਟੀਅਰਾਂ ਨੂੰ ।

ਨੋਟ : ਪ੍ਰਿੰਸੀਪਲ ਸਾਹਿਬ ਨੂੰ ਅਧਿਕਾਰ ਹੈ ਕਿ ਹਾਲਾਤਾਂ ਨੂੰ ਧਿਆਨ ਰੱਖਦੇ ਹੋਏ ਉਪਰੋਕਤ ਇਨਾਮਾਂ ਦੇ ਲਈ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਉਣ ਦੀ ਆਗਿਆ ਦੇਣ ਜਾਂ ਨਾ ਦੇਣ ।



Scanned with CamScanner

# ਵਿਦਿਆਰਥੀਆਂ ਲਈ ਅਨੁਸ਼ਾਸਨ ਦੇ ਨਿਯਮ :

1 ਕਾਲਜ ਵਿੱਚ ਦਾਖਲਾ ਲੈਣ ਵਾਲੇ ਹਰ ਵਿਦਿਆਰਥੀ ਪਾਸੋਂ ਕਾਲਜ ਦੇ ਨਿਯਮਾਂ ਦਾ ਪਾਲਣ ਕਰਨ ਦੀ ਆਸ ਕੀਤੀ ਜਾਂਦੀ ਹੈ।

2 ਪ੍ਰਿੰਸੀਪਲ ਸਾਹਿਬ ਦੀ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨਾਂ ਕੋਈ ਮੀਟਿੰਗ ਕਾਲਜ ਵਿੱਚ ਨਹੀਂ ਕੀਤੀ ਜਾ ਸਕਦੀ।

3 ਸਾਇਕਲ, ਸਕੂਟਰ, ਮੋਟਰ-ਸਾਇਕਲ ਤੇ ਮੋਟਰ ਕਾਰਾਂ ਨਿਸ਼ਚਿਤ ਕੀਤੀਆਂ ਥਾਵਾਂ ਉੱਤੇ ਹੀ ਖੜ੍ਹਾਈਆਂ ਜਾਣ।

4 ਕਾਲਜ-ਕੈਂਪਸ ਵਿੱਚ ਸਿਗਰਟ, ਤੰਬਾਕੂ , ਸ਼ਰਾਬ ਪੀਣ ਜਾਂ ਕਿਸੇ ਵੀ ਕਿਸਮ ਦੇ ਹੋਰ ਨਸ਼ੇ ਦੀ ਵਰਤੋਂ ਕਰਨ ਦੀ ਸਖ਼ਤ ਮਨਾਹੀ ਹੈ।

5 ਕਾਲਜ-ਕੈਂਪਸ ਵਿੱਚ ਮੋਬਾਈਲ ਫੋਨ ਲੈ ਕੇ ਆਉਣ ਦੀ ਸਖਤ ਮਨਾਹੀ ਹੈ।

6 ਬਿਨਾਂ ਕਿਸੇ ਅਗੇਤੀ ਸੂਚਨਾ ਦੇ ਪ੍ਰਿੰਸੀਪਲ ਸਾਹਿਬ ਨੂੰ ਪ੍ਰਾਸਪੈਕਟਸ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਕਰਨ ਦਾ ਅਧਿਕਾਰ ਪ੍ਰਾਪਤ ਹੈ।

7 ਵਿਦਿਆਰਥੀਆਂ ਦੇ ਮਾਪਿਆਂ/ਸਰਪ੍ਰਸਤਾਂ ਨੂੰ ਚਾਹੀਦਾ ਹੈ ਕਿ ਉਹ ਸਮੇਂ ਸਮੇਂ ਸਿਰ ਟਿਊਟਰ/ਪ੍ਰਿੰਸੀਪਲ ਨੂੰ ਮਿਲਦੇ ਰਹਿਣ ਤਾਂ ਕਿ ਬੱਚਿਆਂ ਦੀ ਕਾਰਗੁਜਾਰੀ ਅਤੇ ਪ੍ਰਾਪਤੀਆਂ ਬਾਰੇ ਉਹਨਾਂ ਨੂੰ ਪਤਾ ਲੱਗਦਾ ਰਹੇ।ਇਹ ਬੱਚਿਆਂ ਅਤੇ ਮਾਪਿਆਂ ਤੇ ਹਿੱਤ ਵਿੱਚ ਹੋਵੇਗਾ

8 ਫੀਸਾਂ, ਫੰਡਾਂ, ਦਾਖਲਿਆਂ ਅਤੇ ਹੋਰ ਨਿਯਮਾਂ ਸਬੰਧੀ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਮੇਂ ਸਮੇਂ ਸਿਰ ਕੀਤੀਆਂ ਤਬਦੀਲੀਆਂ ਦੀ ਪਾਲਣਾ ਕੀਤੀ ਜਾਵੇਗੀ ਅਤੇ ਇਹ ਤੁਰੰਤ ਲਾਗੂ ਹੋ ਜਾਣਗੀਆਂ।

9 ਹਰ ਵਿਦਿਆਰਥੀ ਲਈ ਇਹ ਜ਼ਰੂਰੀ ਹੈ ਕਿ ਆਪਣਾ ਸ਼ਨਾਖ਼ਤੀ ਕਾਰਡ ਕਾਲਜ ਸਮੇਂ ਆਪਣੇ ਕੋਲ ਰੱਖੇ।ਇਹ ਕਿਸੇ ਵੀ ਸਮੇਂ ਪ੍ਰਿੰਸੀਪਲ, ਸਟਾਫ ਵੱਲੋਂ ਚੈੱਕ ਕੀਤਾ ਜਾ ਸਕਦਾ ਹੈ।ਸ਼ਨਾਖ਼ਤੀ ਕਾਰਡ ਨਾ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਖ਼ਿਲਾਫ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ।

10 ਕਾਲਜ ਵਿੱਚ ਰੈਗਿੰਗ ਕਰਨ ਦੀ ਸਖ਼ਤ ਮਨਾਹੀ ਹੈ, ਰੈਗਿੰਗ ਕਰਨ ਵਾਲੇ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਨਿਯਮਾਂ ਅਨੁਸਾਰ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ ।

11 ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਪ੍ਰਿੰਸੀਪਲ ਨੂੰ ਅਨੁਸ਼ਾਸਨੀ ਕਾਰਵਾਈ ਕਰਨ ਦਾ ਪੂਰਨ ਅਧਿਕਾਰ ਹੈ।

12 ਹਰ ਇੱਕ ਵਿਦਿਆਰਥੀ/ਵਿਦਿਆਰਥਣ ਲਈ ਜਰੂਰੀ ਹੈ ਕਿ ਉਹ ਆਪਣਾ ਸ਼ਨਾਖਤੀ-ਕਮ-ਲਾਇਬ੍ਰੇਰੀ ਕਾਰਡ ਸੰਭਾਲ ਕੇ ਰੱਖੇ ਅਤੇ ਹੇਠ ਲਿਖੇ ਕੰਮਾਂ ਲਈ ਦਿਖਾਵੇ :

- ੳ) ਕਾਲਜ ਦੇ ਬਤੌਰ ਰੈਗੂਲਰ ਵਿਦਿਆਰਥੀ ਹੋਣ ਦੇ ਸਬੂਤ ਵਜੋਂ ।
- ਅ) ਯੂਨੀਵਰਸਿਟੀ ਪ੍ਰੀਖਿਆ ਫਾਰਮ ਭਰਨ ਲਈ ਸਬੂਤ ਵਾਸਤੇ ।
- ੲ) ਕਿਤਾਬਾਂ ਜਾਰੀ ਅਤੇ ਵਾਪਸ ਕਰਨ ਲਈ ਲਾਇਬ੍ਰੇਰੀ ਵਾਸਤੇ ।
- ਸ) ਬੱਸ ਪਾਸ ਬਣਾਉਣ ਵਾਸਤੇ ਫਾਰਮ ਤਸਦੀਕ ਕਰਵਾਉਣ ਲਈ ।
- ਹ) ਲਾਇਬ੍ਰੇਰੀ ਸਕਿਊਰਟੀ ਵਾਪਸ ਲੈਣ ਸਮੇਂ ।
- ਕ) ਕਾਲਜ ਮੈਗਜ਼ੀਨ ਪ੍ਰਾਪਤ ਕਰਨ ਸਮੇਂ ।
- ਖ) ਦਫਤਰੀ ਕੰਮ ਲਈ ਪਹਿਚਾਣ ਵਜੋਂ ।
- ਗ) ਘਰੇਲੂ ਅਤੇ ਯੂਨੀਵਰਸਿਟੀ ਪ੍ਰੀਖਿਆਵਾਂ ਦੌਰਾਨ ਆਪਣੀ ਪਹਿਚਾਣ ਦੀ ਪੁਸ਼ਟੀ ਕਰਨ ਦੇ ਲਈ ।

## ਅਨੁਸ਼ਾਸਨ /ਰੈਗਿੰਗ ਸੰਬੰਧੀ ਵਿਸ਼ੇਸ਼ ਹਦਾਇਤਾਂ

1) ਕਾਲਜ ਵਿੱਚ ਚੰਗੇਰਾ ਅਕਾਦਮਿਕ ਮਾਹੌਲ ਬਣਾਉਣ ਹਿੱਤ ਹਰ ਵਿਦਿਆਰਥੀ ਦਾ ਅਨੁਸ਼ਾਸਨ ਵਿੱਚ ਰਹਿਣਾ ਅਤਿਅੰਤ ਜ਼ਰੂਰੀ ਹੈ। ਕਾਲਜ ਵਿੱਚ ਮੋਬਾਇਲ ਫੋਨ ਲਿਆਉਣ, ਵਿਦਿਆਰਥੀਆਂ ਨਾਲ ਦੁਰ ਵਿਵਹਾਰ ਕਰਨ ਅਤੇ ਨਸ਼ੀਲੇ ਪਦਾਰਥਾਂ ਦੇ ਸੇਵਨ 'ਤੇ ਪੂਰਨ ਪਾਬੰਦੀ ਹੈ। ਇਨ੍ਹਾਂ ਹਦਾਇਤਾਂ ਦਾ ਉਲੰਘਣ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ। ਉਨ੍ਹਾਂ ਦੇ ਇਸ ਵਿਵਹਾਰ ਨੂੰ ਉਨ੍ਹਾਂ ਦੇ ਆਚਰਣ ਸਰਟੀਫਿਕੇਟ ਵਿੱਚ ਵੀ ਦਰਜ ਕੀਤਾ ਜਾਵੇਗਾ। ਜੇਕਰ ਕੋਈ ਵਿਦਿਆਰਥੀ ਕਾਲਜ ਪ੍ਰਾਪਰਟੀ ਦੀ ਭੰਨ ਤੋੜ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਦੀ ਭਰਪਾਈ ਉਸ ਵਿਦਿਆਰਥੀ ਤੋਂ ਹੀ ਕੀਤੀ ਜਾਵੇਗੀ।

*2) ਰੈਗਿੰਗ ਕਰਨਾ ਕਾਨੂੰਨੀ ਅਪਰਾਧ ਹੈ। ਕਾਲਜ ਵਿੱਚ ਕਿਸੇ ਵੀ ਵਿਦਿਆਰਥੀ ਨੂੰ ਰੈਗਿੰਗ ਵਿੱਚ ਹਿੱਸਾ ਲੈਣ ਦੀ ਸਖ਼ਤ ਮਨਾਹੀ ਹੈ। ਜੇ ਕੋਈ ਵਿਦਿਆਰਥੀ ਰੈਗਿੰਗ ਦਾ ਦੋਸ਼ੀ ਪਾਇਆ ਗਿਆ ਤਾਂ ਉਸ ਦੇ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।*

*3) ਪ੍ਰਿੰਸੀਪਲ ਦੀ ਆਗਿਆ ਤੋਂ ਬਿਨਾਂ, ਕਾਲਜ ਸਟਾਫ਼ ਮੈਂਬਰ/ਵਿਦਿਆਰਥੀ/ਕੋਈ ਵਿਅਕਤੀ ਸਮੂਹ ਕਾਲਜ ਕੈਂਪਸ ਵਿੱਚ ਮੀਟਿੰਗ ਨਹੀਂ ਕਰ ਸਕਦਾ ।*



Scanned with CamScanner

## ਕਾਲਜ ਵਿਖੇ ਹੋਣ ਵਾਲੀਆਂ ਲੰਬੀਆਂ ਛੁੱਟੀਆਂ ਦਾ ਵੇਰਵਾ

--- ਗਰਮੀਆਂ ਦੀਆਂ ਛੁੱਟੀਆਂ
--- ਸਰਦੀਆਂ ਦੀਆਂ ਛੁੱਟੀਆਂ

ਯੂਨੀਵਰਸਿਟੀ ਦੇ ਨੋਟਿਸ ਅਨੁਸਾਰ

**State-wise List of fake Universities as on October, 2021 (List of Fake Universities in Hindi)**

**Delhi**

Commercial University Ltd., Daryaganj, Delhi.
United Nations University, Delhi.
Vocational University, Delhi.
ADR-Centric Juridical University, ADR House, 8J, Gopala Tower, 25 Rajendra Place, New Delhi - 110 008.
Indian Institute of Science and Engineering, New Delhi.
Viswakarma Open University for Self-Employment, Rozgar Sewasadan, 672, Sanjay Enclave, Opp. GTK Depot, Delhi-110033.
Adhyatmik Vishwavidyalaya (Spiritual University), 351-352, Phase-I, Block-A, Vijay Vihar, Rithala, Rohini, Delhi-110085

**Karnataka**

Badaganvi Sarkar World Open University Education Society, Gokak, Belgaum, Karnataka.

**Kerala**

St. John's University, Kishanattam, Kerala.

**Maharashtra**

Raja Arabic University, Nagpur, Maharashtra.

**West Bengal**

Indian Institute of Alternative Medicine, Kolkatta.
Institute of Alternative Medicine and Research,8-A, Diamond Harbour Road, Builtech inn, 2nd Floor, Thakurpurkur, Kolkatta - 700063

**Uttar Pradesh**

Gandhi Hindi Vidyapith, Prayag, Allahabad, Uttar Pradesh.
National University of Electro Complex Homeopathy, Kanpur, Uttar Pradesh.
Netaji Subhash Chandra Bose University (Open University), Achaltal, Aligarh, Uttar Pradesh.
Bhartiya Shiksha Parishad, Bharat Bhawan, Matiyari Chinhat, Faizabad Road, Lucknow, Uttar Pradesh – 227 105

**Odisha**

Nababharat Shiksha Parishad, Anupoorna Bhawan, Plot No. 242, Pani Tanki Road,Shaktinagar, Rourkela-769014.
North Orissa University of Agriculture & Technology, Odisha.

**Puducherry**

Sree Bodhi Academy of Higher Education, No. 186, Thilaspet, Vazhuthavoor Road, Puducherry-605009

**Andhra Pradesh**

Christ New Testament Deemed University, #32-32-2003, 7th Lane, Kakumanuvarithoto, Guntur, Andhra Pradesh-522002 and another address of Christ New Testament Deemed University, Fit No. 301, Grace Villa Apts., 7/5, Srinagar, Guntur, Andhra Pradesh-522002

www.ugc.ac.in

## ਮਾਪਿਆਂ/ਸਰਪ੍ਰਸਤਾਂ ਲਈ ਜਰੂਰੀ ਨੋਟ :

ਪੜ੍ਹਾਈ ਦੇ ਸ਼ੈਸ਼ਨ ਦੌਰਾਨ ਫੀਸਾਂ ਅਤੇ ਫੰਡਾਂ ਦੀ ਤਬਦੀਲੀ ਸਬੰਧੀ/ਕਿਸੇ ਵੀ ਗਤੀਵਿਧੀ ਦੇ ਹੋਣ ਸਬੰਧੀ/ਕੋਈ ਵੀ ਸੂਚਨਾ ਕੇਵਲ ਨੋਟਿਸ ਬੋਰਡ ਤੇ ਹੀ ਲਗਾਈ ਜਾਵੇਗੀ। ਦਫਤਰ ਵੱਲੋਂ ਕੋਈ ਵੀ ਜਾਣਕਾਰੀ ਘਰ ਭੇਜਣ ਦਾ ਪ੍ਰਬੰਧ ਨਹੀਂ ਹੈ ਇਸ ਲਈ ਹਰ ਇੱਕ ਸੂਚਨਾ ਪ੍ਰਾਪਤ ਕਰਨਾ ਵਿਦਿਆਰਥੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ। ਮਾਪਿਆਂ/ ਸਰਪ੍ਰਸਤਾਂ ਨੂੰ ਬੇਨਤੀ ਹੈ ਕਿ ਆਪਣੇ ਬੱਚੇ ਸੰਬੰਧੀ ਲੈਕਚਰ ਸ਼ਾਰਟੇਜ/ਫੀਸਾਂ ਸਬੰਧੀ/ ਘਰੇਲੂ ਪ੍ਰੀਖਿਆਵਾਂ ਦੀ ਰਿਪੋਰਟ ਦੇ ਸੰਬੰਧ ਵਿਚ ਕਾਲਜ ਵਿਖੇ ਸੰਪਰਕ ਰੱਖਣ। ਉਹ ਆਪਣੇ ਬੱਚੇ ਨੂੰ ਕਾਲਜ ਵਿਚ ਮੋਬਾਈਲ ਲਿਜਾਣ ਅਤੇ ਵਰਤਣ ਤੋਂ ਮਨਾ ਕਰਨ ਅਤੇ ਅਨੁਸ਼ਾਸਨ ਵਿਚ ਰਹਿਣ ਲਈ ਕਹਿਣ। ਪ੍ਰਾਸਪੈਕਟਸ ਵਿੱਚ ਦਿੱਤੇ ਗਏ ਨਿਯਮਾਂ ਅਤੇ ਜਾਣਕਾਰੀ ਸਬੰਧੀ ਉਚੇਰੀ ਸਿੱਖਿਆ ਪੰਜਾਬ ਸਰਕਾਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕੀਤੀਆਂ ਤਬਦੀਲੀਆਂ ਸਬੰਧੀ ਸਮੇਂ ਸਮੇਂ ਤੇ ਨੋਟਿਸ ਬੋਰਡ ਰਾਹੀਂ ਜਾਣਕਾਰੀ ਦਿੱਤੀ ਜਾਵੇਗੀ। ਵਿਦਿਆਰਥੀ ਨੋਟਿਸ ਬੋਰਡ ਵਾਚਦੇ ਰਹਿਣ। ਇਹ ਪ੍ਰਾਸਪੈਕਟਸ ਸਿਰਫ ਵਿਦਿਆਰਥੀਆਂ ਦੇ ਲਈ ਕਾਲਜ ਅਤੇ ਕੋਰਸਾਂ ਸਬੰਧੀ ਜਾਣਕਾਰੀ ਬਾਬਤ ਹੈ ਇਹ ਕੋਈ ਕਾਨੂੰਨੀ ਦਸਤਾਵੇਜ ਨਹੀਂ ਹੈ। ਮਾਪੇ ਕਾਲਜ ਦੇ ਦਫਤਰ ਦੇ ਫੋਨ ਨੰਬਰ 01635-270116 ਤੇ ਵੀ ਸੰਪਰਕ ਕਰ ਸਕਦੇ ਹਨ।



Scanned with CamScanner

# ਖੇਡ ਮੈਦਾਨ ਅਤੇ ਲਾਇਬਰੇਰੀ



ਬਾਸਕਿਟਬਾਲ ਗਰਾਉਂਡ



ਲਾਇਬ੍ਰੇਰੀ

Scanned with CamScanner

Shaheed Bhagat Singh's Birthday Celebration



Retirement of Principal Kuldeep Sharma







Alumni Meet



College Staff



B.A. 3rd Year Farewell Party



Scanned with CamScanner


PBG Welfare Club honoured


Science City Tour



Women's Day Celebration at College


Oath Ceremony of College staff members to use Punjabi as official Language


NSS Camp at College

Scanned with CamScanner

ਸ਼ਹੀਦ-ਏ-ਆਜ਼ਮ

# ਸਰਦਾਰ ਭਗਤ ਸਿੰਘ

## ਦੀ ਜੇਲ ਡਾਇਰੀ (ਪੰਨਾ ਨੰ: 124)

Aim of Life : —

124

"The aim of life is no more to control mind, but to develope it harmoniously, not to achieve salvation hereafter, but to make the best use of it here below, and not to realize truth, beauty and good only in contemplation, but also in the actual experience of daily life; social progress depends not upon the ennoblement of the few but on the enrichment of the many; and spiritual democracy or universal brotherhood can be achieved only when there is an equality of opportunity in the social, political and industrial life."

## ਜੀਵਨ ਦਾ ਉਦੇਸ਼

ਜੀਵਨ ਦਾ ਉਦੇਸ਼ ਮਨ ਨੂੰ ਕਾਬੂ ਕਰਨਾ ਨਹੀਂ ਸਗੋਂ ਉਸਦਾ ਠੀਕ ਵਿਕਾਸ ਕਰਨਾ ਹੈ। ਮਰਨ ਤੋਂ ਬਾਅਦ ਮੁਕਤੀ ਪ੍ਰਾਪਤ ਕਰਨਾ ਨਹੀਂ ਸਗੋਂ ਇਸ ਸੰਸਾਰ ਵਿਚ ਹੀ ਉਸਦਾ ਸਭ ਤੋਂ ਵਧੀਆ ਇਸਤੇਮਾਲ ਕਰਨਾ ਹੈ, ਕੇਵਲ ਧਿਆਨ ਵਿਚ ਹੀ ਨਹੀਂ ਬਲਕਿ ਰੋਜ਼ਾਨਾ ਜੀਵਨ ਦੇ ਯਥਾਰਥ ਅਨੁਭਵ ਵਿਚ ਵੀ ਸੱਚ, ਚੰਗਿਆਈ ਅਤੇ ਸੁੰਦਰਤਾ ਨੂੰ ਪ੍ਰਤੱਖ ਕਰਨਾ ਹੈ । ਸਮਾਜਿਕ ਪ੍ਰਗਤੀ ਕੁਝ ਦੀ ਉੱਨਤੀ ਉਪਰ ਨਹੀਂ ਸਗੋਂ ਬਹੁਤਿਆਂ ਦੀ ਅਮੀਰੀ ਤੇ ਨਿਰਭਰ ਕਰਦੀ ਹੈ। ਆਤਮਿਕ ਲੋਕਤੰਤਰ ਜਾਂ ਸਰਵਸਾਂਝਾ ਭਰੱਪਣ ਕੇਵਲ ਤਦ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜੇ ਸਮਾਜਿਕ ਰਾਜਨੀਤਕ ਅਤੇ ਉਦਯੋਗਿਕ ਜੀਵਨ ਵਿੱਚ ਮੌਕਿਆਂ ਦੀ ਸਮਾਨਤਾ ਹੋਵੇ।

Scanned with CamScanner